A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21. Bravo Realty
403.861.2253

Vol: 12 No: 287 Website : www.punjabiakhbaar.ca Email: editor@punjabiakhbaar.ca Friday, 13 March 2026

# ਹੰਬੋਲਟ ਬ੍ਰੌਂਕੋਸ ਬੱਸ ਹਾਦਸੇ ਲਈ ਜ਼ਿੰਮੇਵਾਰ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੂੰ ਭਾਰਤ ਵਾਪਿਸ ਭੇਜੇ ਜਾਣ ਦੀ ਪ੍ਰੀਕਿਰਿਆ ਸ਼ੁਰੂ ਹੋਈ


ਜਸਕੀਰਤ ਸਿੱਧੂ ਆਪਣੇ ਬੱਚਿਆਂ ਨਾਲ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 2018 ਵਿੱਚ ਕੈਨੇਡਾ ਦੇ ਹੰਬੋਲਟ ਬ੍ਰੌਂਕੋਸ ਬੱਸ ਹਾਦਸੇ ਲਈ ਜ਼ਿੰਮੇਵਾਰ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੂੰ ਕੁੱਝ ਹਫ਼ਤਿਆਂ ਵਿੱਚ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ। ਇਸ ਨਾਲ ਉਸਦੀ ਪਤਨੀ ਅਤੇ ਦੋ ਛੋਟੇ ਬੱਚੇ ਕੈਨੇਡਾ ਵਿੱਚ ਹੀ ਰਹਿ ਜਾਣਗੇ। ਉਸਦੀ ਪਤਨੀ ਕੈਨੇਡਾ ਸਰਕਾਰ ਤੋਂ ਬੇਨਤੀ ਕਰ ਰਹੀ ਹੈ ਕਿ ਉਸਨੂੰ ਇੱਥੇ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ। ਪਰ ਦੂਜੇ ਪਾਸੇ, ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਕੁੱਝ ਪਰਿਵਾਰ ਕਹਿੰਦੇ ਹਨ ਕਿ ਉਸਨੂੰ ਕਾਫ਼ੀ ਸਾਲ ਪਹਿਲਾਂ ਹੀ ਦੇਸ਼ ਤੋਂ ਕੱਢ ਦਿੱਤਾ ਜਾਣਾ ਚਾਹੀਦਾ ਸੀ। ਵਰਨਣਯੋਗ ਹੈ ਕਿ 6 ਅਪ੍ਰੈਲ 2018 ਨੂੰ ਜਸਕੀਰਤ ਸਸਕੈਚਵਨ ਵਿੱਚ ਟਰੱਕ ਚਲਾ ਰਿਹਾ ਸੀ ਅਤੇ ਇੰਟਰਸੈਕਸ਼ਨ 'ਤੇ ਬਣੇ ਸਟੌਪ ਸਾਈਨ 'ਤੇ ਨਹੀਂ ਰੁੱਕਿਆ ਤੇ ਸਿੱਧਾ ਇੱਕ ਬੱਸ ਨਾਲ ਟਕਰਾ ਗਿਆ। ਇਹ ਬੱਸ ਹੰਬੋਲਟ ਬ੍ਰੌਂਕੋਸ ਦੀ ਜੂਨੀਅਰ ਹਾਕੀ ਟੀਮ ਨੂੰ ਲਿਜਾ ਰਹੀ ਸੀ। ਇਸ ਹਾਦਸੇ ਵਿੱਚ 16 ਖਿਡਾਰੀ ਅਤੇ ਸਟਾਫ਼ ਮੈਂਬਰ ਮਾਰੇ ਗਏ ਅਤੇ 13 ਹੋਰ ਜ਼ਖ਼ਮੀ ਹੋਏ। ਇਹ ਹਾਦਸਾ ਕੈਨੇਡਾ ਦੇ ਖੇਡ ਇਤਿਹਾਸ ਦੇ ਸਭ ਤੋਂ ਦੁੱਖਦਾਈ ਹਾਦਸਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਜਸਕੀਰਤ ਦੀ ਇਕੱਲੇ ਡਰਾਈਵਰ ਵੱਜੋਂ ਇਹ ਦੂਜਾ ਗੇੜਾ ਸੀ । ਉਸਨੇ ਸਿਰਫ਼ ਇੱਕ ਹਫ਼ਤਾ ਟ੍ਰੇਨਿੰਗ ਅਤੇ ਦੋ ਹਫ਼ਤੇ ਨਿਗਰਾਨੀ ਹੇਠ ਡਰਾਈਵਿੰਗ ਕੀਤੀ ਸੀ। ਉਹ ਸਸਕੈਚਵਨ ਦੀਆਂ ਅਣਜਾਣ ਪੇਂਡੂ ਸੜਕਾਂ 'ਤੇ ਟਰੱਕ ਚਲਾ ਰਿਹਾ ਸੀ। ਉਸਦੇ ਟ੍ਰੇਲਰ 'ਤੇ ਲੱਗੀ ਤਿਰਪਾਲ ਖੁਲ੍ਹ ਗਈ ਸੀ ਅਤੇ ਪਾਸਿ?ਂ ਦੀ ਲਹਿਰਾ ਰਹੀ ਸੀ। ਉਸਨੂੰ ਡਰ ਸੀ ਕਿ ਉਸਦਾ ਸਮਾਨ ਡਿੱਗ ਨਾ ਜਾਵੇ, ਇਸ ਲਈ ਉਹ ਵਾਰ-ਵਾਰ ਪਿੱਛੇ ਦੇ ਸ਼ੀਸ਼ੇ ਵਿੱਚ ਦੇਖਦਾ ਰਿਹਾ ਜਿਸ ਤੋਂ ਅੰਦਾਜਾ ਲਗਾਇਆ ਜਾ ਰਿਹਾ ਹੈ ਕਿ ਅੱਗੇ ਆਏ ਸਟਾਪ ਸਾਈਨ ਦੇ ਬੋਰਡ ਨੂੰ ਨਹੀਂ ਦੇਖ ਸਕਿਆ। ਜਸਕੀਰਤ ਦਾ ਕਹਿਣਾ ਕਿ ਮੈਨੂੰ ਆਪਣੇ ਕੀਤੇ 'ਤੇ ਡੂੰਘਾ ਅਫਸੋਸ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਮੈਂ ਪਰਿਵਾਰਾਂ ਦਾ ਦਰਦ ਘਟਾ ਸਕਾਂ। ਮੇਰੇ ਤੋਂ ਗ਼ਲਤੀ ਹੋਈ ਅਤੇ ਮੈਂ ਹਰ ਰੋਜ਼ ਇਸ ਦੀ ਕ਼ੀਮਤ ਚੁਕਾ ਰਿਹਾ ਹਾਂ।ਜਸਕੀਰਤ ਨੇ ਖ਼ਤਰਨਾਕ ਡਰਾਈਵਿੰਗ ਨਾਲ ਮੌਤ ਦਾ ਕਾਰਨ ਬਣਨ ਦਾ ਦੋਸ਼ ਕਬੂਲ ਕੀਤਾ ਸੀ ਅਤੇ 2019 ਵਿੱਚ ਉਸਨੂੰ ਅੱਠ ਸਾਲ ਦੀ ਕੈਦ ਦੀ ਸਜ਼ਾ ਹੋਈ, ਜੋ ਇਸ ਜੁਰਮ ਲਈ ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਲੰਮੀ ਸਜ਼ਾ ਸੀ, ਜਿੱਥੇ ਨਾ ਸ਼ਰਾਬ, ਨਾ ਨਸ਼ਾ ਅਤੇ ਨਾ ਹੀ ਜਾਣਬੁੱਝ ਕੇ ਕੀਤੀ ਕਾਰਵਾਈ ਸ਼ਾਮਲ ਸੀ। 2023 ਵਿੱਚ ਉਸਨੂੰ ਪੂਰੀ ਪੈਰੋਲ ਮਿਲ ਗਈ। ਇੱਕ ਸਾਲ ਬਾਅਦ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਨੇ ਉਸਦੀ ਪਰਮਾਨੈਂਟ ਰੈਜ਼ੀਡੈਂਸੀ ਰੱਦ ਕਰ ਦਿੱਤੀ ਅਤੇ ਡਿਪੋਰਟ ਕਰਨ ਦਾ ਹੁਕਮ ਦਿੱਤਾ।ਹਾਲ ਹੀ ਵਿੱਚ ਉਸਨੂੰ ਪਤਾ ਲੱਗਾ ਕਿ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ ਵਿੱਚ ਇਹ ਫ਼ੈਸਲਾ ਹੋਇਆ ਹੈ ਕਿ ਭਾਰਤ ਭੇਜੇ ਜਾਣ 'ਤੇ ਉਸਦੀ ਜਾਨ ਨੂੰ ਖ਼ਤਰਾ ਨਹੀਂ ਹੋਵੇਗਾ। ਕੈਨੇਡਾ ਬਾਰਡਰ ਸਰਵਿਸੇਜ਼ ਏਜੰਸੀ ਨੇ ਉਸਦੇ ਯਾਤਰਾ ਦਸਤਾਵੇਜ਼ ਮੰਗ ਲਏ ਹਨ ਅਤੇ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਜੇ ਡਿਪੋਰਟੇਸ਼ਨ ਹੁੰਦੀ ਹੈ, ਤਾਂ ਸੰਭਵ ਹੈ ਕਿ ਉਹ ਇਕੱਲਾ ਹੀ ਜਾਵੇ ਅਤੇ ਉਸਦੀ ਪਤਨੀ ਤਨਵੀਰ ਮਾਨ ਅਤੇ ਦੋ ਛੋਟੇ ਬੱਚੇ, ਜੋ ਕੈਨੇਡੀਅਨ ਨਾਗਰਿਕ ਹਨ, ਇੱਥੇ ਰਹਿ ਜਾਣ। ਇਸ ਹਾਦਸੇ ਤੋਂ ਕੁਝ ਮਹੀਨੇ ਪਹਿਲਾਂ ਜਸਕੀਰਤ ਅਤੇ ਤਨਵੀਰ ਦਾ ਵਿਆਹ ਹੋਇਆ ਸੀ। ਉਨ੍ਹਾਂ ਦਾ ਲਗਭਗ ਤਿੰਨ ਸਾਲ ਦਾ ਪੁੱਤਰ ਅਤੇ ਤਿੰਨ ਮਹੀਨੇ ਦੀ ਧੀ ਹੈ। ਪੁੱਤਰ ਨੂੰ ਇੱਕ ਦੁਰਲੱਭ ਫੇਫੜਿਆਂ ਦੀ ਬਿਮਾਰੀ ਹੈ। ਡਾਕਟਰਾਂ ਨੇ ਕਿਹਾ ਹੈ ਕਿ ਭਾਰਤ ਦੀ ਖਰਾਬ ਹਵਾ ਉਸ ਲਈ ਖ਼ਤਰਨਾਕ ਹੋ ਸਕਦੀ ਹੈ। ਇਸ ਕਾਰਨ ਇਹ ਫੈਸਲਾ ਕਰਨਾ ਕਿ ਸਾਰਾ ਪਰਿਵਾਰ ਨਾਲ ਜਾਵੇ ਜਾਂ ਨਹੀਂ, ਉਨ੍ਹਾਂ ਲਈ ਬਹੁਤ ਮੁਸ਼ਕਲ ਹੈ।

Narmaan Sidhu
Mortgage Expert
License # 510430
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca




The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 287 Website : www.punjabiakhbaar.ca Email: editor@punjabiakhbaar.ca Friday, 13 March 2026

## ਕੈਨੇਡਾ ਅਤੇ ਜਪਾਨ ਵੱਲੋਂ ਵਪਾਰ ਅਤੇ ਰੱਖਿਆ ਸਬੰਧਾਂ ਨੂੰ ਵਧਾਉਣ ਲਈ ਸਮਝੌਤਾ ਹੋਇਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡੀਅਨ ਪ੍ਰਧਾਨ ਮੰਤਰੀ ਵਮਾਰਕ ਕਾਰਨੀ ਨੇ ਜਪਾਨ ਅਤੇ ਕੈਨੇਡਾ ਦਰਮਿਆਨ ਦੁਵੱਲੇ ਸਬੰਧਾਂ ਨੂੰ ਵਧਾਉਣ ਅਤੇ "ਆਧੁਨਿਕ" ਬਣਾਉਣ ਲਈ ਕਈ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ ।ਭਾਵੇਂ ਕਿ ਇਸ ਸਮਝੌਤੇ ਬਾਰੇ ਕੋਈ ਡਾਲਰ ਦੇ ਅੰਕੜੇ ਜਾਂ ਵਿਆਪਕ ਵੇਰਵੇ ਸਾਂਝੇ ਨਹੀਂ ਕੀਤੇ ਗਏ ਹਨ ਪਰ ਫ਼ਿਰ ਵੀ ਕਾਰਨੀ ਨੇ ਨਵੀਂ ਦੁਵੱਲੀ ਵਿਵਸਥਾ ਨੂੰ ਮਹੱਤਵਪੂਰਨ ਚੀਜ਼ ਵੱਜੋਂ ਪੇਸ਼ ਕੀਤਾ। ਕਾਰਨੀ ਨੇ ਕਿਹਾ ਇਹ ਨਵੀਂ ਭਾਈਵਾਲੀ ਸਾਡੇ ਆਰਥਿਕ ਅਤੇ ਸੁਰੱਖਿਆ ਸਬੰਧਾਂ ਨੂੰ ਹੋਰ



ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਜਾਪਾਨੀ ਪ੍ਰਧਾਨ ਮੰਤਰੀ ਸਨੇ ਤਾਕਾਇਚੀ

ਡੂੰਘਾ ਕਰੇਗੀ। ਇਹ ਕੈਨੇਡਾ ਅਤੇ ਜਾਪਾਨ ਲਈ ਵਿਸ਼ਾਲ ਮੌਕਿਆਂ ਨੂੰ ਹਾਸਲ ਕਰਨ ਲਈ ਸਥਿਤੀ ਪ੍ਰਦਾਨ ਕਰਦੀ ਹੈ । ਦੋਵੇਂ ਦੇਸ਼ ਮਿਲ ਕੇ ਏਆਈ ਉਤਪਾਦਾਂ ਦਾ ਸਹਿ-ਵਿਕਾਸ ਕਰਨ ਤੋਂ ਇਲਾਵਾ ਆਪਣੇ-ਆਪਣੇ ਦੇਸ਼ਾਂ ਵਿੱਚ ਵਪਾਰਕ ਵਫ਼ਦ ਤਾਇਨਾਤ ਕਰਨਗੇ ਤਾਂ ਜੋ ਹੋਰ ਕਾਰੋਬਾਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਕੈਨੇਡਾ ਨੇ ਜਾਪਾਨੀ ਵਾਹਨ ਨਿਰਮਾਤਾਵਾਂ ਦੀ ਕੈਨੇਡਾ ਵਿੱਚ ਆਪਣੇ ਕਾਰਜਾਂ ਨੂੰ ਡੀਕਾਰਬੋਨਾਈਜ਼ ਕਰਨ ਅਤੇ ਬੈਟਰੀ ਸਪਲਾਈ ਚੇਨਾਂ ਦਾ ਵਿਸਤਾਰ ਕਰਨ ਦੀ ਇੱਛਾ ਦਾ ਸਮਰਥਨ ਕਰਨ ਲਈ ਵੀ ਸਹਿਮਤੀ ਦਿੱਤੀ ਹੈ । ਦੋਵੇਂ ਦੇਸ਼ ਅੰਤਰਰਾਸ਼ਟਰੀ ਐਮਰਜੈਂਸੀ ਪ੍ਰਤੀਕਿਰਿਆ, ਸੰਯੁਕਤ ਤੱਟ ਰੱਖਿਅਕ ਅਭਿਆਸਾਂ ਅਤੇ ਉੱਤਰੀ ਪ੍ਰਸ਼ਾਂਤ ਵਿੱਚ ਗੈਰ-ਕਾਨੂੰਨੀ ਅਤੇ ਅਨਿਯੰਤ੍ਰਿਤ ਮੱਛੀ ਫੜਨ ਵਿਰੁੱਧ ਕਾਰਵਾਈ 'ਤੇ ਸਹਿਯੋਗ ਕਰਨਗੇ। ਕੈਨੇਡਾ ਅਤੇ ਜਾਪਾਨ ਨੇ ਤਰਲ ਕੁਦਰਤੀ ਗੈਸ 'ਤੇ ਭਾਈਵਾਲੀ ਜਾਰੀ ਰੱਖਣ ਲਈ ਵੀ ਸਹਿਮਤੀ ਜਤਾਈ ਹੈ ।ਜਾਪਾਨੀ ਪ੍ਰਧਾਨ ਮੰਤਰੀ ਸਨੇ ਤਾਕਾਇਚੀ ਨੇ ਕਿਹਾ ਕਿ ਦੋਵੇਂ ਦੇਸ਼ ਸਬੰਧਾਂ ਨੂੰ ਉੱਚ ਪੱਧਰ ਤੱਕ ਵਧਾਉਣਗੇ, ਜਦੋਂ ਕਿ ਰਣਨੀਤਕ ਸਾਂਝੇਦਾਰੀ ਨੂੰ ਇੱਕ ਸਦੀ ਤੋਂ ਵੱਧ ਕੈਨੇਡਾ-ਜਾਪਾਨ ਕੂਟਨੀਤਕ ਸਬੰਧਾਂ ਵਿੱਚ ਇੱਕ ਨਵਾਂ ਅਧਿਆਇ ਅਤੇ ਇਤਿਹਾਸਕ ਮੀਲ ਪੱਥਰ ਵਜੋਂ ਪੇਸ਼ ਕਰਨਗੇ।ਕੈਨੇਡੀਅਨ ਪ੍ਰਧਾਨ ਮੰਤਰੀ , ਮਾਰਕ ਕਾਰਨੀ , ਤਾਕਾਇਚੀ ਨਾਲ ਉਨ੍ਹਾਂ ਦੀ ਹਾਲ ਵਿੱਚ ਹੀ ਹੋਈ ਵੱਡੀ ਜਿੱਤ ਤੋਂ ਬਾਅਦ ਮੁਲਾਕਾਤ ਕਰਨ ਵਾਲੇ ਵਿਸ਼ਵ ਦੇ ਪਹਿਲੇ ਨੇਤਾ ਹਨ
























# 'ਤਾਏ ਕੇ ਚੋਰ ਉਚੱਕੇ ਨਹੀਂ' ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਦੌਰਾਨ ਚਰਚਾ ਛਿੜੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਫਰਵਰੀ 22 ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ । ਮੰਚ ਸੰਚਾਲਨ ਦਾ ਕੰਮ ਜਗਦੇਵ ਸਿੱਧੂ ਨੇ ਬੜੇ ਹੀ ਖ਼ੂਬਸੂਰਤ ਅਤੇ ਸੁਚੱਜੇ ਢੰਗ ਨਾਲ ਨਿਭਾਇਆ । ਪ੍ਰਸਿੱਧ ਵਿਗਿਆਨੀ ਤੇ ਲੇਖਕ ਡਾ: ਸੁਰਜੀਤ ਸਿੰਘ ਭੱਟੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਉਹਨਾਂ ਦੇ ਕੀਤੇ ਕੰਮਾਂ ਬਾਰੇ ਗੱਲਬਾਤ ਕੀਤੀ ਗਈ । ਲੰਘੇ ਦਿਨੀਂ ਕੌਮਾਂਤਰੀ ਭਾਸ਼ਾ ਦਿਵਸ ਸਾਰੇ ਸੰਸਾਰ ਵਿਚ ਧੂਮ-ਧਾਮ ਨਾਲ ਮਨਾਇਆ ਗਿਆ ਅਤੇ ਅੱਜ ਦੀ ਪੰਜਾਬੀ ਸਾਹਿਤ ਸਭਾ ਵਿਚ ਹੋਈ ਗੱਲਬਾਤ ਵੀ ਇਸ ਵਿਸ਼ੇ ਤੇ ਕੇਂਦਰਤ ਰਹੀ । ਸ਼ੁਰੂ ਵਿੱਚ ਸੁਖਮੰਦਰ ਗਿੱਲ ਨੇ ਪੰਜਾਬੀ ਮਾਂ ਬੋਲੀ ਤੇ ਲਿਖੀ ਆਪਣੀ ਰਚਨਾ ਜੀਹਨੂੰ ਲੋਕੀਂ ਕਹਿਣ ਪੰਜਾਬੀ,ਰਾਣੀ ਪੰਜ ਦਰਿਆਵਾਂ ਦੀ। ਮਿਸ਼ਰੀ ਨਾਲੋਂ ਮਿੱਠੀ ਹੈ ਇਹ ਬੋਲੀ ਸਾਡੀਆਂ ਮਾਵਾਂ ਦੀ ਆਪਣੇ ਨਿਵੇਕਲੇ ਅੰਦਾਜ਼ ਅਤੇ ਇੱਕ ਹੋਰ ਗੀਤ 'ਅੱਜ ਗੀਤਾਂ ਹੱਥ ਬੰਦੂਕਾਂ ਫੜੀਆਂ' ਪੇਸ਼ ਕੀਤਾ । ਸੁਰਿੰਦਰ ਗੀਤ ਨੇ ਆਪਣੀ ਬਹੁ-ਚਰਚਿਤ ਕਹਾਣੀ 'ਤਾਏ ਕੇ ਚੋਰ ਉਚੱਕੇ ਨਹੀਂ' ਸੁਣਾਈ । ਇਹ ਕਹਾਣੀ ਕੈਨੇਡਾ ਦੇ ਮੂਲ ਨਿਵਾਸੀਆਂ ਤੇ ਗੋਰੇ ਲੋਕਾਂ ਵੱਲੋਂ ਕੀਤੀ ਗਏ ਅਤਿਆਚਾਰਾਂ ਦੀ ਬੜੀ ਘਨੌਣੀ ਅਤੇ ਦਿਲ ਚੀਰਵੀਂ ਦਾਸਤਾਨ ਸੀ । ਸਰੋਤੇ ਭਾਵੁਕ ਹੋ ਗਏ । ਇਸ ਕਹਾਣੀ ਤੇ ਭਰਪੂਰ ਆਲੋਚਨਾਤਮਿਕ ਚਰਚਾ ਹੋਈ । ਜਗਦੇਵ ਸਿੱਧੂ ਨੇ ਕਿਹਾ ਕਿ ਇਹ ਕਹਾਣੀ ਵਿਸ਼ੇ, ਵਸਤੂ ਅਤੇ ਪਾਤਰ ਉਸਾਰੀ ਅਤੇ ਤਕਨੀਕ ਪੱਖ ਤੋਂ ਹਰ ਤਰ੍ਹਾਂ ਨਾਲ ਸਫਲ ਅਤੇ ਉਤਮ ਕਹਾਣੀ ਹੈ । ਸੋਹਣ ਸਿੰਘ ਭੁੱਚੋ ਨੇ ਕਹਾਣੀ ਦੇ ਵੱਖੋ-ਵੱਖ ਪਹਿਲੂਆਂ 'ਤੇ ਪੜਚੋਲ ਕਰਕੇ ਕਹਾਣੀ ਦੀ ਤਾਰੀਫ਼ ਕੀਤੀ । ਸੁਰਿੰਦਰ ਗੀਤ ਨੇ ਦੱਸਿਆ ਕਿ ਉਸਨੇ ਪਿਛਲੇ ਦਿਨੀਂ ਇਕ ਸਮਾਗਮ ਦੌਰਾਨ ਉਸਦੇ ਇਕ ਕਹਾਣੀ ਸੰਗ੍ਰਹਿ ਅਤੇ ਇੱਕ ਕਾਵਿ-ਸੰਗ੍ਰਹਿ ਦੇ ਅੰਗ੍ਰੇਜ਼ੀ ਅਨੁਵਾਦ ਦੀਆਂ ਪੁਸਤਕਾਂ ਉੱਘੀ ਨੇਟਿਵ ਹਸਤੀ ਆਟਮ ਈਗ਼ਲ ਸਪੀਕਰ ਨੂੰ ਭੇਟ ਕੀਤੀਆਂ ਸਨ । ਕਹਾਣੀ 'ਤਾਏ ਕੇ ਚੋਰ ਉਚੱਕੇ' ਦਾ ਅੰਗਰੇਜ਼ੀ ਅਨੁਵਾਦ ਉਸ ਪੁਸਤਕ ਵਿੱਚ ਦਰਜ ਹੈ । ਸੋਹਣ ਸਿੰਘ ਭੁੱਚੋ ਨੇ ਕਹਾਣੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਕਹਾਣੀ ਇੱਕ ਸੰਪੂਰਨ ਕਹਾਣੀ ਹੈ ਜੋ ਅੰਤ ਤਕ ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਇੰਜ਼: ਜੀਰ ਸਿੰਘ ਬਰਾੜ ਨੇ ਪੰਜਾਬੀ ਬੋਲੀ ਨੂੰ ਵਗਦਾ ਦਰਿਆ ਕਿਹਾ ਜੋ ਕਦੇ ਸੁੱਕਣਾ ਨਹੀਂ । ਸੁਰਿੰਦਰ ਢਿੱਲੋਂ ਅਤੇ ਪੈਰੀ ਮਾਹਲ ਦਾ ਵਿਚਾਰ ਸੀ ਕਿ ਪੰਜਾਬੀ ਬੋਲੀ ਨੂੰ ਕੋਈ ਖ਼ਤਰਾ ਨਹੀਂ ਪਰ ਚੁਣੌਤੀਆਂ ਦਾ ਟਾਕਰਾ ਕਰਨ ਦੀ ਲੋੜ ਹੈ । ਸੁਰਿੰਦਰ ਢਿੱਲੋਂ ਨੇ ਪਾਕਿਸਤਾਨੀ ਕਵੀ ਦੀ ਲਿਖੀ ਕਵਿਤਾ ਸੁਣਾਈ । ਸੋਹਣ ਸਿੰਘ ਭੁੱਚੋ ਦੀ ਕਵਿਤਾ ਸੀ- ਜੇ ਬੂਹੇ ਤੇ ਸਵਾਗਤ ਕਰੀਏ ਤਾਂ ਹੀ ਰਿਸ਼ਤੇ ਘਰ ਜਾਂਦੇ ਐ ! ਤਰਲੋਕ ਸਿੰਘ ਚੁੱਘ ਨੇ ਪੰਜਾਬੀ ਬੋਲੀ ਨੂੰ ਗੁੜ ਵਰਗੀ ਕਿਹਾ ਅਤੇ ਕਮਾਲ ਦੇ ਅੰਦਾਜ਼ ਵਿੱਚ ਗ਼ਜ਼ਲ ਪੇਸ਼ ਕੀਤੀ । ਹਰਮਿੰਦਰ ਪਾਲ ਸਿੰਘ ਨੇ ਦੋ ਗੀਤ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤੇ ।ਰਾਮ ਚੰਦ, ਚਰਨਜੀਤ ਸਿੰਘ ਦਿੱਲੀ ਅਤੇ ਗੁਰਬਖ਼ਸ਼ ਸਿੰਘ ਗਿੱਲ ਨੇ ਵਿਚਾਰ -ਚਰਚਾ ਵਿੱਚ ਹਿੱਸਾ ਲਿਆ ।











ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



# ਪੰਜਾਬਣਾਂ ਨੇ ਨੇਟਿਵ ਆਗੂ ਆਟਮ ਈਗਲ ਸਪੀਕਰ ਦਾ ਸਨਮਾਨ ਕਰ ਕੇ ਇਤਿਹਾਸ ਰਚਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ)-ਕੈਲਗਰੀ ਵੂਮੈੱਨ ਕਲਚਰਲ ਐਸੋਸੀਏਸ਼ਨ ਨੇ 16 ਫ਼ਰਵਰੀ, 2026 ਨੂੰ ਫਾਲਕਨਰਿੱਜ ਕਮਿਊਨਿਟੀ ਸੈਂਟਰ ਵਿਖੇ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਜਿਸ ਦੇ ਤਿੰਨ ਸੈਸ਼ਨ ਹੋਏ। ਇੱਕ ਸੈਸ਼ਨ ਕੈਨੇਡਾ ਦੇ ਮੂਲਨਿਵਾਸੀਆਂ ਨਾਲ਼ ਸੰਬੰਧਤ ਸੀ। ਇਸ ਦੀ ਮੁੱਖ ਮਹਿਮਾਨ ਉੱਘੀ ਨੇਟਿਵ ਜੁਝਾਰੂ ਆਗੂ ਆਟਮ ਈਗਲ ਸਪੀਕਰ ਸੀ। ਸਭਾ ਦੀ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ ਨੇ ਸਵਾਗਤੀ ਸ਼ਬਦ ਕਹੇ। ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਭੂਮੀ-ਕਬੂਲਨਾਮਾ (Land Acknowledgement) ਪੜ੍ਹਨ ਤੋਂ ਬਾਅਦ ਆਟਮ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਬਲੈਕਫੁੱਟ ਕਨਫੈਡਰੇਸ਼ਨ ਦੇ ਕਾਇਨਾਈ (Kainai or Blood Tribe) ਫ਼ਸਟ ਨੇਸ਼ਨ ਨਾਲ ਸੰਬੰਧਤ ਬਹੁ-ਪ੍ਰਤਿਭਾਸ਼ਾਲੀ ਸ਼ਖ਼ਸੀਅਤ ਹੈ ਜਿਸ ਨੇ ਯੂਨੀਵਰਸਿਟੀ ਤੋਂ ਕਈ ਵਿਸ਼ਿਆਂ ਵਿਚ ਡਿਗਰੀਆਂ ਹਾਸਲ ਕੀਤੀਆਂ ਹਨ। ਉਹ 'ਮੇਕਿੰਗ ਟਰੀਟੀ ਸੈਵਨ ਕਲਚਰਲ ਸੋਸਾਇਟੀ' ਦੀ ਕਾਰਜਕਾਰੀ ਡਾਇਰੈਕਟਰ ਅਤੇ ਸਹਿ-ਪ੍ਰਧਾਨ ਹੈ। ਉਹ ਨੇਟਿਵ ਲੋਕਾਂ ਦੇ ਸਭਿਆਚਾਰਕ, ਸਮਾਜਿਕ, ਵਿਦਿਅਕ ਅਤੇ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਵਿਉਂਤਣ ਅਤੇ ਸਿਰੇ ਚੜ੍ਹਾਉਣ ਵਿਚ ਮੋਹਰੀ ਰੋਲ ਅਦਾ ਕਰਦੀ ਹੈ। ਉਹ ਆਪਣੇ ਲੋਕਾਂ ਦੇ ਹੱਕਾਂ ਲਈ ਮਾਰਚਾਂ ਅਤੇ ਪ੍ਰਦਰਸ਼ਨਾਂ ਵਿਚ ਜੁਝਾਰੂ ਹੋ ਕੇ ਵਿਚਰਦੀ ਹੈ। ਮੈਡਮ ਥਿੰਦ ਨੇ ਅੱਗੇ ਕਿਹਾ ਕਿ ਆਟਮ ਇਕ ਵਧੀਆ ਬੁਲਾਰਾ, ਵਾਲੰਟੀਅਰ, ਕੋਆਰਡੀਨੇਟਰ, ਨਿਪੁੰਨ ਪ੍ਰਬੰਧਕ ਅਤੇ ਸਫਲ ਆਯੋਜਿਕ ਹੈ। ਉਹ ਵੱਖੋ-ਵੱਖ ਭਾਈਚਾਰਿਆਂ ਨੂੰ ਨੇੜੇ ਲਿਆਉਣ ਵਿਚ ਯਤਨਸ਼ੀਲ ਹੈ। ਆਟਮ ਈਗਲ ਸਪੀਕਰ ਨੇ ਆਪਣੇ ਕੁੰਜੀਵਤ ਭਾਸ਼ਣ ਰਾਹੀਂ ਮੂਲਨਿਵਾਸੀਆਂ ਦੇ ਇਤਿਹਾਸ ਤੇ ਝਾਤ ਪੁਆਈ। ਉਸ ਨੇ ਵਿਸਥਾਰ ਵਿਚ ਦੱਸਿਆ ਕਿ ਕਿਵੇਂ ਬਸਤੀਵਾਦੀ ਸਰਕਾਰ ਨੇ ਉਨ੍ਹਾਂ ਨਾਲ਼ ਸੰਧੀਆਂ ਦੇ ਬਹਾਨੇ ਧੋਖੇ, ਫ਼ਰੇਬ ਅਤੇ ਮੱਕਾਰੀ ਨਾਲ ਉਨ੍ਹਾਂ ਤੋਂ ਸਾਰੀ ਭੂਮੀ ਖੋਹੀ ਗਈ। ਉਸ ਨੇ ਦੱਸਿਆ ਕਿ ਸੰਧੀਆਂ ਦੀ ਇਬਾਰਤ ਪਹਿਲਾਂ ਹੀ ਲਿਖੀ ਹੁੰਦੀ ਸੀ, ਮੌਕੇ ਤੇ ਤਾਂ ਮਹਿਜ਼ ਫ਼ਰਜ਼ੀ ਕਾਰਵਾਈ ਹੁੰਦੀ ਸੀ। ਕਬੀਲਿਆਂ ਦੇ ਚੀਫ਼ ਅੰਗ੍ਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਤੋਂ ਅਨਜਾਣ ਸਨ, ਉਨ੍ਹਾਂ ਨੂੰ ਦੱਸਿਆ ਕੁਝ ਹੋਰ ਜਾਂਦਾ ਸੀ ਪਰ ਲਿਖਿਆ ਕੁਝ ਹੋਰ ਜਾਂਦਾ ਸੀ। ਚੀਫ਼ਾਂ ਨੇ ਕਦੇ ਵੀ ਆਪਣੀ ਮਾਂ-ਭੂਮੀ ਨੂੰ ਵੇਚਣਾ, ਇਸ ਨੂੰ ਕਿਸੇ ਦੇ ਸਪੁਰਦ ਕਰਨਾ ਜਾਂ ਇਸ ਦਾ ਅਧਿਕਾਰ ਸੌਂਪਣਾ (Cede, surrender. yield and release ) ਨਹੀਂ ਮੰਨਿਆਂ ਸੀ। ਉਨ੍ਹਾਂ ਦੇ ਜੀਵਨ ਦਾ ਆਧਾਰ ਮੱਝਾਂ ਨੂੰ ਬੇ-ਤਹਾਸ਼ਾ ਮਾਰ ਕੇ ਉਨ੍ਹਾਂ ਲੋਕਾਂ ਨੂੰ ਭੁੱਖਮਰੀ ਅਤੇ ਗ਼ਰੀਬੀ ਵਿਚ ਧੱਕਿਆ ਗਿਆ, ਜ਼ਮੀਨ ਖੋਹੀ, ਸਭਿਆਚਾਰ ਖੋਹਿਆ, ਜਿਉਣ-ਢੰਗ ਖੋਹਿਆ। ਬਾਹਰੋਂ ਆਈਆਂ ਮਨਹੂਸ ਬੀਮਾਰੀਆਂ ਦੇ ਜਰਾਸੀਮਾਂ ਨੇ ਦੋ-ਤਿਹਾਈ ਵੱਸੋਂ ਦਾ ਨਸਲਘਾਤ ਕੀਤਾ। ਬਸਤੀਵਾਦੀਆਂ ਦੀ ਲਿਆਂਦੀ ਸ਼ਰਾਬ ਨੇ ਘਰਾਂ ਅਤੇ ਕਬੀਲਿਆਂ ਦੇ ਰਿਵਾਇਤੀ ਜੀਵਨ ਨੂੰ ਤਹਿਸ-ਨਹਿਸ ਕੀਤਾ। ਆਟਮ ਨੇ ਕਿਹਾ ਕਿ ਉਹ ਗ਼ੈਰ-ਨੇਟਿਵ ਕੈਨੇਡੀਅਨਾਂ ਨੂੰ ਆਪਣੇ ਇਤਿਹਾਸ ਅਤੇ ਮਹਾਨ ਸਭਿਆਚਾਰ ਤੋਂ ਜਾਣੂੰ ਕਰਵਾ ਕੇ ਉਨ੍ਹਾਂ ਨਾਲ਼ ਤਾਲਮੇਲ ਬਿਠਾ ਕੇ ਇਕੱਠਿਆਂ ਅੱਗੇ ਵਧਣ ਲਈ ਯਤਨ ਕਰ ਰਹੀ ਹੈ।

ਐਸੋਸੀਏਸ਼ਨ ਨੇ ਉਸ ਦੁਆਰਾ ਕੀਤੇ ਜਾ ਰਹੇ ਯਤਨਾਂ ਸਦਕਾ ਆਟਮ ਨੂੰ ਸ਼ਾਨਦਾਰ ਪਲੇਕ ਅਤੇ ਫੁਲਕਾਰੀ ਪ੍ਰਦਾਨ ਕਰ ਕੇ ਪੰਜਾਬੀ ਰਵਾਇਤ ਅਨੁਸਾਰ ਸਨਮਾਨਿਤ ਕੀਤਾ। ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਪੰਜਾਬੀ ਐਸੋਸੀਏਸ਼ਨ ਨੇ ਕੈਨੇਡਾ ਦੇ ਕਿਸੇ ਜੱਦੀ ਵਾਸ਼ਿੰਦੇ ਨੂੰ ਇਸ ਤਰ੍ਹਾਂ ਬੁਲਾ ਕੇ ਸਨਮਾਨਿਤ ਕੀਤਾ ਹੋਵੇ। ਉੱਘੀ ਸਾਹਿਤਕਾਰਾ ਸੁਰਿੰਦਰ ਗੀਤ ਅਤੇ ਗੁਰਚਰਨ ਕੌਰ ਥਿੰਦ ਨੇ ਆਪਣੀਆਂ ਅੰਗ੍ਰੇਜ਼ੀ ਵਿਚ ਅਨੁਵਾਦਿਤ ਪੁਸਤਕਾਂ ਦੇ ਸੈੱਟ ਆਟਮ ਨੂੰ ਭੇਟ ਕੀਤੇ ਅਤੇ ਕੈਲੀਗ੍ਰਾਫ਼ਰ ਮਨਿੰਦਰ ਚੈਨੇ ਨੇ ਕੈਲੀਗ੍ਰਾਫ਼ੀ ਦੇ ਨਮੂਨੇ ਭੇਟ ਕੀਤੇ। ਇਸ ਮਗਰੋਂ ਮੈਡਮ ਥਿੰਦ ਨੇ ਆਟਮ ਨੂੰ ਸਾਰੀਆਂ ਸਾਹਿਤ ਸਭਾਵਾਂ ਦੁਆਰਾ ਲਾਈ ਪੁਸਤਕ-ਪ੍ਰਦਰਸ਼ਨੀ ਦਾ ਚੱਕਰ ਲਵਾਇਆ ਅਤੇ ਉਸ ਨੂੰ ਤਸਵੀਰਾਂ ਰਾਹੀਂ ਐਸੋਸੀਏਸ਼ਨ ਦੀਆਂ ਸਾਰੇ ਸਾਲਾਂ ਦੀਆਂ ਮੁੱਖ ਗਤੀਵਿਧੀਆਂ ਬਾਰੇ ਅਹਿਮ ਜਾਣਕਾਰੀ ਦਿੱਤੀ। ਆਟਮ ਈਗਲ ਸਪੀਕਰ ਨੇ ਆਪਣੀ ਖ਼ੁਸ਼ੀ ਅਤੇ ਆਭਾਰ ਦਾ ਪ੍ਰਗਟਾਵਾ ਕੀਤਾ। ਉਸ ਨੇ ਐਸੋਸੀਏਸ਼ਨ ਦੇ ਯਤਨਾਂ ਨੂੰ ਸਲਾਹਿਆ। ਇਸ ਮੌਕੇ ਆਟਮ ਨੇ ਜਗਦੇਵ ਸਿੱਧੂ ਨੂੰ ਉਸ ਦੁਆਰਾ ਨੇਟਿਵ ਲੋਕਾਂ ਪ੍ਰਤੀ ਕੀਤੇ ਜਾ ਰਹੇ ਸੁਹਿਰਦ ਯਤਨਾਂ ਸਦਕਾ ਸਿਰਜਣਾ ਦੀ ਬਹੁ-ਮੁੱਲੀ ਪਵਿੱਤਰ ਪੇਂਟਿੰਗ ਅਤੇ ਉਨ੍ਹਾਂ ਦੇ ਕਬੀਲੇ ਦਾ ਕੀਮਤੀ ਰਵਾਇਤੀ ਸ਼ਾਲ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ। ਆਟਮ ਨੇ ਆਸ ਪ੍ਰਗਟ ਕੀਤੀ ਕਿ ਦੋਵਾਂ ਕੌਮੀਅਤਾਂ ਦੇ ਲੋਕਾਂ ਦਰਮਿਆਨ ਸੂਝ-ਬੂਝ, ਆਪਸੀ ਪਿਆਰ ਅਤੇ ਸਹਿਯੋਗ ਵਧਾਉਣ ਹਿਤ ਉਪਰਾਲੇ ਜਾਰੀ ਰਹਿਣਗੇ।

ਮੈਡਮ ਬਰਾੜ ਦੀ ਸਰਪ੍ਰਸਤੀ ਹੇਠ ਇਸ ਇਤਿਹਾਸਿਕ ਕਾਰਜ ਨੂੰ ਵਿਉਂਤਣ ਅਤੇ ਸਿਰੇ ਚੜ੍ਹਾਉਣ ਲਈ ਜਿੱਥੇ ਮੈਡਮ ਥਿੰਦ ਦੀ ਭੂਮਿਕਾ ਅਤੀ ਸਲਾਹੁਣਯੋਗ ਰਹੀ, ਉੱਥੇ ਸਾਰੀ ਕਾਰਜਕਾਰਨੀ, ਮੈਂਬਰਾਂ ਅਤੇ ਸਹਿਯੋਗੀ ਸਭਾਵਾਂ ਦਾ ਯੋਗਦਾਨ ਯਾਦਗਾਰੀ ਰਿਹਾ। ਪੰਜਾਬੀ ਅਖ਼ਬਾਰ ਦੇ ਵਿਸ਼ੇਸ਼ ਪ੍ਰਤੀਨਿੱਧ ਸ: ਜਗਦੇਵ ਸਿੰਘ ਸਿੱਧੂ ਨੇ ਇਸ ਸਾਰੇ ਸਮਾਗਮ ਨੂੰ ਸ਼ਬਦੀ ਰੂਪ ਦਿੱਤਾ

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

SUPERVISA
Medical Insurance
ਤਜਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦਾ ਸਮਾਗਮ ਸਫ਼ਲਤਾ ਪੂਰਵਕ ਸੰਪਨ ਹੋਇਆ

## 'ਲੋਕ ਕੀ ਕਹਿਣਗੇ' ਨੂੰ ਕੈਲਗਰੀ ਵਾਸੀਆਂ ਨੇ ਵੱਡਾ ਹੁੰਗਾਰਾ ਦਿੱਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦਾ ਇੱਕ ਸਾਲ ਤੋਂ ਚੱਲ ਰਿਹਾ 'ਸੀਨੀਅਰ ਵੂਮੇਨ ਵਰਕਿੰਗ ਟੂਗੈਦਰ ਟੂ ਐਂਮਪਾਵਰ ਸਾਊਥ ਏਸ਼ੀਅਨ ਵੂਮੇਨ' ਪ੍ਰਾਜੈਕਟ 16 ਫਰਵਰੀ, 2026 ਫੈਮਲੀ ਡੇ ਵਾਲੇ ਦਿਨ, ਸਭਾ ਵੱਲੋਂ ਆਪਣੇ ਇੱਕ ਦਹਾਕਾ ਪੂਰਾ ਹੋਣ ਦੀ ਵਰ੍ਹੇ ਗੰਢ ਮਨਾਉਂਦੇ ਹੋਏ 'ਫਾਲਕਿਨ ਰਿੱਜ ਕਮਿਉਨਿਟੀ ਹਾਲ ਵਿੱਚ 'ਲੋਕ ਕੀ ਕਹਿਣਗੇ' ਬੈਨਰ ਹੇਠ ਲਗਪਗ ਢਾਈ ਸੌ ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿੱਚ ਸੰਪਨ ਹੋਇਆ। ਇਸ ਵਿੱਚ 'ਸੀਨੀਅਰਜ਼ ਨੂੰ ਐਮਪਾਵਰ ਹੋਣ ਦੀ ਕਿਉਂ ਲੋੜ ਹੈ ਅਤੇ ਇਹ ਕਿੰਵੇਂ ਸੰਭਵ ਹੋ ਸਕਦਾ ਹੈ? ਵਿਸ਼ੇ ਦੁਆਰਾ ਬਜ਼ੁਰਗਾਂ ਨੂੰ ਜਾਗਰੂਕ ਕਰਨ ਦਾ ਉਪਰਾਲਾ ਸੀ ਤਾਂ ਜੋ ਇਸ ਸਬੰਧ ਵਿੱਚ ਸਾਡੇ ਸਮਾਜ ਵਿੱਚ ਦਰਪੇਸ਼ ਗਲਤਫਹਿਮੀਆਂ, ਰੁਕਾਵਟਾਂ ਅਤੇ ਸਟਿਗਮਾਜ਼ ਨੂੰ ਦੂਰ ਕਰ ਜ਼ਿੰਦਗੀ ਦੇ ਇਸ ਪੜਾਅ ਨੂੰ ਮਨਮਰਜ਼ੀ ਨਾਲ ਜੀਉਣ ਲਈ ਪ੍ਰੇਰਿਆ ਜਾ ਸਕੇ।

ਇਸ ਈਵੈਂਟ ਦੇ ਪਹਿਲੇ ਹਿੱਸੇ ਵਿੱਚ ਇੱਕ ਹਾਲ ਵਿੱਚ ਕੈਲਗਰੀ ਦੇ ਲੇਖਕਾਂ ਵਲੋਂ ਆਪਣੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਦਾ ਮਕਸਦ ਲੇਖਕਾਂ ਨੂੰ ਕਮਿਊਨਿਟੀ ਨਾਲ ਜੋੜਨ ਅਤੇ ਹਾਜ਼ਰ ਸੀਨੀਅਰਜ਼ ਨੂੰ ਲੇਖਕਾਂ ਤੇ ਕਿਤਾਬਾਂ ਸੰਗ ਜੋੜਨਾ ਸੀ ਤਾਂ ਜੋ ਕਿਤਾਬਾਂ ਪੜ੍ਹਨ ਦਾ ਰੁਝਾਨ ਉਨ੍ਹਾਂ ਨੂੰ ਦਿਮਾਗੀ ਤੌਰ ਤੇ ਸਸ਼ਕਤ ਕਰਦਾ ਰਹੇ। ਈਵੈਂਟ ਵਿੱਚ ਸ਼ਾਮਿਲ ਹੋ ਰਹੇ ਹਾਜ਼ਰੀਨ ਚਾਹ ਅਤੇ ਸਨੈਕਸ ਦੇ ਨਾਲ ਨਾਲ ਕਿਤਾਬਾਂ ਅਤੇ ਕੰਧਾਂ ਤੇ ਸਭਾ ਦੇ ਦਸ ਸਾਲਾਂ ਦੇ ਸਫ਼ਰ ਦੇ ਲਗੇ ਪੋਸਟਰਾਂ ਨੂੰ ਨੀਝ ਲਾ ਕੇ ਵੇਖਦੇ ਲੇਖਕਾਂ ਦੇ ਰੂਬਰੂ ਹੋਏ।

ਦੂਜੇ ਹਾਲ ਵਿੱਚ 'ਲੋਕ ਕੀ ਕਹਿਣਗੇ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੀ ਸ਼ੁਰੂਆਤ ਦੋ ਭੈਣਾਂ ਵੱਲੋਂ ਸੁਰੀਲੀ ਆਵਾਜ਼ ਵਿੱਚ ਗਾਏ ਲੋਕ ਗੀਤ ਨਾਲ ਸਕੱਤਰ ਗੁਰਨਾਮ ਕੌਰ ਨੇ ਕੀਤੀ। ਉਪਰੰਤ ਕੋਆਰਡੀਨੇਟਰ ਗੁਰਚਰਨ ਥਿੰਦ ਨੇ ਮੂਲ-ਵਾਸੀਆਂ ਦੀ ਇਸ ਧਰਤੀ ਦਾ 'ਲੈਂਡ ਐਕਨਾਲਜਮੈਂਟ' ਪੜ੍ਹ ਧੰਨਵਾਦ ਕੀਤਾ। ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਸਭਾ ਦੀ ਸਾਲਾਨਾ ਰਿਪੋਰਟ ਪੇਸ਼ ਕਰ ਸਾਲ ਭਰ ਦੀਆਂ ਸਭਾ ਦੀਆਂ ਕਾਰਵਾਈਆਂ ਸਾਂਝੀਆਂ ਕੀਤੀਆਂ। ਗੁਰਦੀਸ਼ ਗਰੇਵਾਲ ਨੇ ਸਭਾ ਬਾਰੇ ਲਿਖੀ ਆਪਣੀ ਰਚਨਾ ਗਾ ਕੇ ਸੁਣਾਈ। ਫਿਰ ਗੁਰਚਰਨ ਥਿੰਦ ਨੇ ਸਟੇਜ ਦੀ ਅਗਲੇਰੀ ਕਾਰਵਾਈ ਸੰਭਾਲ ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ (ਪੀਸੀਐਚਐਸ) ਤੋਂ ਆਏ ਸਰਬਜੀਤ ਸੋਢੀ ਨੂੰ 'ਬਜ਼ੁਰਗਾਂ ਨੂੰ ਕਿਉਂ ਤੇ ਕਿੰਵੇਂ ਐਮਪਾਵਰ ਹੋਣ ਦੀ ਲੋੜ ਹੈ?' ਵਿਸ਼ੇ ਤੇ ਜਾਣਕਾਰੀ ਸਾਂਝੀ ਕਰਨ ਲਈ ਸੱਦਾ ਦਿੱਤਾ। ਨੌਜੁਆਨ ਵਕਤਾ ਅਮਰੀਤ ਕੌਰ ਗਿੱਲ ਨੇ ਆਪਣੇ ਨਜ਼ਰੀਏ ਤੋਂ ਬਜ਼ੁਰਗਾਂ ਨੂੰ ਆਪਣੇ ਫੈਸਲੇ ਖੁਦ ਲੈਣ ਅਤੇ ਆਪਣੇ ਪੋਤੇ ਦੋਹਤਿਆਂ ਨਾਲ ਸੰਪਰਕ ਬਣਾਉਣ ਦੀ ਲੋੜ ਦੀ ਗੱਲ ਕੀਤੀ। ਸਭਾ ਦੀਆਂ ਤਿੰਨ ਮੈਂਬਰਾਂ ਕਿਰਨ ਕਲਸੀ, ਚਰਨਜੀਤ ਕੌਰ ਅਤੇ ਤਮੰਨਾ ਚਾਚਰਾ ਨੇ ਇਸ ਇੱਕ ਸਾਲ ਦੌਰਾਨ ਹਾਸਲ ਕੀਤੇ ਆਪਣੇ ਅਨੁਭਵ ਅਤੇ ਤਜਰਬੇ ਸਾਂਝੇ ਕੀਤੇ। ਉਪਰੰਤ ਸ੍ਰੋਤਿਆਂ ਨੇ ਆਪਣੇ ਸੁਆਲ, ਮਸ਼ਵਰੇ ਅਤੇ ਵਿਚਾਰ ਲਿਖ ਕੇ ਸਾਂਝੇ ਕੀਤੇ, ਜਿਸ ਲਈ ਉਨ੍ਹਾਂ ਨੂੰ ਵਲੰਟੀਅਰਜ਼ ਵੱਲੋਂ ਕਾਗਜ਼ ਤੇ ਪੈਨ ਮੁਹੱਈਆ ਕਰਵਾਏ ਗਏ। ਕਈਆਂ ਨੇ ਬੋਲ ਕੇ ਆਪਣੀ ਗੱਲ ਸਾਂਝੀ ਕੀਤੀ। ਇਸ ਸਭ ਦੇ ਯਥਾਯੋਗ ਜੁਆਬ ਸਪੀਕਰਜ਼ ਵੱਲੋਂ ਦਿੱਤੇ ਗਏ। ਜਿਸ ਨਾਲ ਹਰ ਕੋਈ ਇਸ ਵਿੱਚ ਸ਼ਾਮਿਲ ਹੋ ਆਪਣੇ ਮਨ ਦੀ ਦੁਬਿਧਾ ਸ਼ਾਂਝੀ ਕਰ ਰਿਹਾ ਸੀ। ਇਸ ਦੌਰਾਨ ਸਭਾ ਵਲੋਂ ਸੀਨੀਅਰ ਰਾਜਵੰਤ ਕੌਰ ਮਾਨ ਜੀ ਨੂੰ ਉਨ੍ਹਾਂ ਦੀਆਂ ਉਮਰ ਭਰ ਦੀਆਂ ਪ੍ਰਾਪਤੀਆਂ ਲਈ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਕਮਿਊਨਿਟੀ ਦੀ ਨੌਜੁਆਨ ਬੇਟੀ ਨਰਿੰਦਰ ਕੌਰ ਗਿੱਲ ਨੂੰ ਉਸ ਦੁਆਰਾ ਪਰਿਵਾਰਾਂ ਨੂੰ ਜੋੜਨ ਅਤੇ ਪੀੜ੍ਹੀ ਪਾੜਾ ਪੂਰਨ ਲਈ ਕੀਤੀਆਂ ਜਾ ਰਹੀਆਂ ਹਾਂ-ਪੱਖੀ ਐਕਟੀਵੀਟੀਜ਼ ਲਈ 'ਸੱਭਿਆਚਾਰਕ ਪੈੜਾਂ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਭਾ ਦੀਆਂ ਸੰਚਾਲਕ ਮੈਂਬਰਾਂ ਕਿਰਨ ਕਲਸੀ, ਗੁਰਨਾਮ ਕੌਰ, ਸਰਬਜੀਤ ਉੱਪਲ, ਤਮੰਨਾ ਚਾਚਰਾ ਅਤੇ ਮਨਿੰਦਰ ਚਾਨੇ ਨੂੰ ਉਨ੍ਹਾਂ ਦੇ ਵਲੰਟੀਅਰ ਯੋਗਦਾਨ ਲਈ ਸਨਮਾਨਤ ਕੀਤਾ ਗਿਆ। ਕਾਊਂਸਲਰ ਰਾਜ ਧਾਲੀਵਾਲ ਅਤੇ ਐਮ.ਐਲ.ਏ. ਗੁਰਿੰਦਰ ਬਰਾੜ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਈਵੈਂਟ ਵਿੱਚ ਕਨੇਡਾ ਦੇ ਮੂਲ-ਨਿਵਾਸੀਆਂ ਦੀ ਔਰਤਾਂ ਦੀ ਸਭਾ ਦੇ ਪ੍ਰਧਾਨ 'ਔਟਮ ਈਗਲ ਸਪੀਕਰ' ਉਚੇਚੇ ਤੌਰ ਤੇ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੇ ਮੂਲ ਦੇ ਲੋਕਾਂ ਨੂੰ ਅਤੀਤ ਵਿੱਚ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਸਾਂਝੀਆਂ ਕੀਤੀਆਂ। ਸਭਾ ਵੱਲੋਂ ਉਨ੍ਹਾਂ ਨੂੰ ਪਲੇਕ ਅਤੇ ਫੁਲਕਾਰੀ ਨਾਲ ਸਨਮਾਨਤ ਕੀਤਾ ਗਿਆ।

ਲੰਚ ਤੋਂ ਬਾਦ ਈਵੈਂਟ ਦੇ ਤੀਜੇ ਹਿੱਸੇ ਵਿੱਚ ਯੰਗਿਸਤਾਨ ਕਲਚਰਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਕੁਇਜ਼ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਨੌਜੁਆਨ ਬੱਚਿਆਂ ਦੀਆਂ ਟੀਮਾਂ ਦੇ ਨਾਲ ਸਭਾ ਦੀਆਂ ਸੀਨੀਅਰ ਮੈਂਬਰਾਂ ਦੀਆਂ ਤਿੰਨ ਟੀਮਾਂ ਨੇ ਭਾਗ ਲਿਆ। ਇੰਝ ਸਾਡੇ ਪ੍ਰਵਾਰਾਂ ਦੀ ਪਹਿਲੀ ਤੇ ਤੀਜੀ ਪੀੜ੍ਹੀ-ਪਾੜੇ ਨੂੰ ਪੂਰਨ ਦਾ ਯਤਨ ਕੀਤਾ ਗਿਆ।

ਇਸ ਭਾਵਪੂਰਤ ਕਮਿਊਨਿਟੀ ਈਵੈਂਟ ਨੂੰ ਬੜੇ ਹੀ ਸੁੱਚਜੇ ਢੰਗ ਨਾਲ ਉਲੀਕਿਆ ਅਤੇ ਨਿਭਾਇਆ ਗਿਆ। ਪ੍ਰਬੰਧਕ ਭੈਣਾਂ ਨੇ ਪੂਰੀ ਮੁਸਤੈਦੀ ਤੇ ਤਨਦੇਹੀ ਨਾਲ ਆਪੋ ਆਪਣਾ ਕੰਮ ਸੰਭਾਲਿਆ। ਇਸ ਤਰ੍ਹਾਂ ਗਿਆਰਾਂ ਵਜੇ ਤੋਂ ਸ਼ੁਰੂ ਹੋਈ ਇਹ ਈਵੈਂਟ ਸ਼ਾਮ ਸਾਢੇ ਪੰਜ ਵਜੇ ਸਫ਼ਲਤਾ ਪੂਰਵਕ ਸੰਪਨ ਹੋ ਗਈ।









# ਸੱਤਾਧਾਰੀ ਧਿਰ ਦੀਆਂ ਲੋਕ ਲੁਭਾਊ ਨੀਤੀਆਂ ਆਰਥਿਕ ਤੌਰ ਤੇ ਤਬਾਹ ਹੋ ਚੁੱਕੇ ਪੰਜਾਬ ਨੂੰ ਪੂਰੀ ਤਰਾਂ ਬਰਬਾਦ ਕਰ ਦੇਣਗੀਆਂ




**ਹਰਮੀਤ ਸਿੰਘ ਮਹਿਰਾਜ**

**ਵਟਸਐਪ ਨੰ 98786-91567**


## ਅੱਜ ਵੀ ਕਾਰਪੋਰੇਸ਼ਨ ਦਾ ਪੰਜਾਬ ਸਰਕਾਰ ਵੱਲ 10000 ਕਰੋੜ ਰੁਪਏ ਅਤੇ ਵੱਖ-ਵੱਖ ਮਹਿਕਮਿਆਂ ਵੱਲ 2600 ਕਰੋੜ ਰੁਪਏ ਬਕਾਇਆ ਖੜ੍ਹਾ ਹੈ ਰਹਿੰਦੀ ਖੂੰਹਦੀ ਕਸਰ ਮੌਜੂਦਾ ਸਰਕਾਰ ਨੇ ਘਰੇਲੂ ਬਿਜਲੀ ਦੀਆਂ 300 ਯੂਨਿਟ ਮੁਆਫ਼ ਕਰਕੇ ਕੱਢ ਦਿੱਤੀ ਹੈ ਜੇਕਰ ਬਿਜਲੀ ਕਾਰਪੋਰੇਸ਼ਨ ਦਾ ਬਕਾਇਆ ਇਸ ਤਰ੍ਹਾਂ ਹੀ ਖੜਦਾ ਰਿਹਾ ਤਾਂ ਬਿਜਲੀ ਕਾਰਪੋਰੇਸ਼ਨ ਕਿੰਨਾ ਕੁ ਸਮਾਂ ਬਿਜਲੀ ਦੀ ਸਪਲਾਈ ਚਾਲੂ ਰੱਖ ਸਕੇਗਾ ?

ਕਿਸੇ ਵੀ ਦੇਸ਼ ਜਾਂ ਸੂਬੇ ਦੀ ਆਰਥਿਕਤਾ ਨੂੰ ਸਹੀ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਸੱਤਾਧਾਰੀ ਧਿਰ ਦੀ ਹੁੰਦੀ ਹੈ ਪ੍ਰੰਤੂ ਜਦੋਂ ਸੱਤਾਧਾਰੀ ਧਿਰ ਖਜ਼ਾਨੇ ਦੀ ਪ੍ਰਵਾਹ ਕੀਤੇ ਬਿਨਾਂ ਸਿਰਫ਼ ਆਪਣੀਆਂ ਵੋਟਾਂ ਨੂੰ ਮੁੱਖ ਰੱਖ ਕੇ ਲੋਕ ਲੁਭਾਊ ਫੈਸਲੇ ਲਾਗੂ ਕਰਦੀ ਹੈ ਤਾਂ ਖਜ਼ਾਨੇ ਨੂੰ ਬਹੁਤ ਵੱਡੀ ਮਾਰ ਪੈਂਦੀ ਹੈ ਜਦੋਂ ਮੌਜੂਦਾ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੇ ਚਾਰ ਸਾਲ ਪਹਿਲਾਂ ਸੱਤਾ ਸੰਭਾਲੀ ਸੀ ਤਾਂ ਪੰਜਾਬੀਆਂ ਨੂੰ ਉਮੀਦ ਸੀ ਕਿ ਹੁਣ ਪਹਿਲਾਂ ਵਾਲੇ ਸਿਰੇ ਦੇ ਲੁਟੇਰਿਆਂ ਤੋਂ ਖਹਿੜਾ ਛੁੱਟ ਗਿਆ ਹੈ ਅਤੇ ਬਦਲਾਵ ਦੇ ਨਾਮ ਤੇ ਆਈ ਸਰਕਾਰ ਖਜ਼ਾਨੇ ਨੂੰ ਪੈਰਾਂ ਸਿਰ ਕਰ ਦੇਵੇਗੀ ਪ੍ਰੰਤੂ ਇਹ ਨਹੀਂ ਸੀ ਪਤਾ ਕਿ ਇਹ ਤਾਂ ਪਹਿਲਾਂ ਵਾਲਿਆਂ ਨੂੰ ਹੀ ਚੰਗੇ ਅਖਵਾ ਦੇਣਗੇ ਜਦੋਂ ਮੌਜੂਦਾ ਸੱਤਾਧਾਰੀ ਧਿਰ ਨੇ ਸੱਤਾ ਸੰਭਾਲੀ ਸੀ ਤਾਂ ਉਸ ਵੇਲੇ ਪੰਜਾਬ ਦੇ ਖਜ਼ਾਨੇ ਸਿਰ ਪੌਣੇ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਜ਼ੋ ਕਿ ਪਿਛਲੀਆਂ ਸਰਕਾਰਾਂ ਨੇ 30-35 ਸਾਲਾਂ ਦੇ ਸਮੇਂ ਦੌਰਾਨ ਚੜ੍ਹਾਇਆ ਸੀ ਪ੍ਰੰਤੂ ਅਫ਼ਸੋਸ ਮੌਜੂਦਾ ਸਰਕਾਰ ਨੇ ਚਾਰ ਸਾਲ ਦੇ ਸਮੇਂ ਦੌਰਾਨ ਹੀ ਡੇਢ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੋਰ ਚੜ੍ਹਾ ਦਿੱਤਾ ਹੈ ਜਿਸ ਤੋਂ ਇੱਕ ਗੱਲ ਸਪੱਸ਼ਟ ਹੋ ਗਈ ਹੈ ਕਿ ਜੇਕਰ ਇਸ ਰਫ਼ਤਾਰ ਨਾਲ ਹੀ ਪੰਜਾਬ ਦੇ ਖਜ਼ਾਨੇ ਸਿਰ ਕਰਜ਼ਾ ਚੜ੍ਹਦਾ ਰਿਹਾ ਤਾਂ ਪੰਜਾਬ ਦਾ ਖਜ਼ਾਨਾ ਕਿੰਨਾ ਕੁ ਸਮਾਂ ਹੋਰ ਇਸ ਤਰਾਂ ਬਰਦਾਸ਼ਤ ਕਰੇਗਾ ?

ਜਦੋਂ ਕੋਈ ਕਿਸਾਨ ਆਰਥਿਕ ਤੌਰ ਤੇ ਕਮਜ਼ੋਰ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਆਪਣੀ ਜ਼ਮੀਨ ਗਹਿਣੇ ਰਖਦਾ ਹੈ ਉਸ ਤੋਂ ਥੋੜੇ ਸਮੇਂ ਬਾਅਦ ਉਹ ਜ਼ਮੀਨ ਬੈਅ ਕਰਨ ਲੱਗ ਜਾਂਦਾ ਹੈ ਅਤੇ ਇੱਕ ਦਿਨ ਉਸ ਦੀ ਸਾਰੀ ਜ਼ਮੀਨ ਹੀ ਵਿਕ ਜਾਂਦੀ ਹੈ ਇਹੀ ਹਾਲ ਅੱਜ ਪੰਜਾਬ ਸਰਕਾਰ ਦਾ ਹੈ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਇੱਕ ਦਿਨ ਪੰਜਾਬ ਸਰਕਾਰ ਸਾਰਾ ਕੁਝ ਵੇਚ ਵੱਟ ਕੇ ਵਿਹਲੀ ਹੋ ਜਾਵੇਗੀ ਸਰਕਾਰਾਂ ਵੱਲੋਂ ਆਪਣੀ ਜਨਤਾ ਨੂੰ ਮੁਫ਼ਤ ਸਹੂਲਤਾਂ ਦੇਣਾ ਕੋਈ ਮਾੜੀ ਗੱਲ ਨਹੀਂ ਹੈ ਪ੍ਰੰਤੂ ਇਹ ਸਹੂਲਤ ਅਤੀ ਲੋੜਵੰਦ ਨੂੰ ਹੀ ਦੇਣੀ ਚਾਹੀਦੀ ਹੈ ਨਾਕਿ ਸਰਦੇ ਪੁੱਜਦੇ ਪਰਿਵਾਰਾਂ ਨੂੰ ਵੀ ਅਕਾਲੀ ਸਰਕਾਰ ਵੱਲੋਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ ਜੋਕਿ ਚਾਹੀਦਾ ਤਾਂ ਇਹ ਸੀ ਕਿ ਇਸ ਦੀ ਕੋਈ ਲਿਮਟ 5 ਜਾਂ 7 ਏਕੜ ਰੱਖੀ ਜਾਂਦੀ ਪ੍ਰੰਤੂ ਪਿਛਲੇ 28-30 ਸਾਲਾਂ ਤੋਂ 50 -50 ,100 -100 ਏਕੜ ਵਾਲਿਆਂ ਨੂੰ ਵੀ ਮੁਫ਼ਤ ਬਿਜਲੀ ਦੀ ਸਹੂਲਤ ਲਗਾਤਾਰ ਜਾਰੀ ਹੈ ਜਿਸ ਕਰਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਲਗਾਤਾਰ ਨੀਵਾਂ ਜਾਣ ਕਰਕੇ ਆਉਣ ਵਾਲੇ ਸਮੇਂ ਦੌਰਾਨ ਪੰਜਾਬੀਆਂ ਨੂੰ ਵੱਡੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ ਸਰਕਾਰ ਇਸ ਸਬਸਿਡੀ ਦੇ ਇਵਜ ਵਜੋਂ ਹਰ ਸਾਲ ਬਿਜਲੀ ਕਾਰਪੋਰੇਸ਼ਨ ਨੂੰ 8000-8500 ਕਰੋੜ ਰੁਪਏ ਦਿੰਦੀ ਹੈ ਅਤੇ ਅੱਜ ਵੀ ਕਾਰਪੋਰੇਸ਼ਨ ਦਾ ਪੰਜਾਬ ਸਰਕਾਰ ਵੱਲ 10000 ਕਰੋੜ ਰੁਪਏ ਅਤੇ ਵੱਖ ਵੱਖ ਮਹਿਕਮਿਆਂ ਵੱਲ 2600 ਕਰੋੜ ਰੁਪਏ ਬਕਾਇਆ ਖੜ੍ਹਾ ਹੈ ਰਹਿੰਦੀ ਖੂੰਹਦੀ ਕਸਰ ਮੌਜੂਦਾ ਸਰਕਾਰ ਨੇ ਘਰੇਲੂ ਬਿਜਲੀ ਦੀਆਂ 300 ਯੂਨਿਟ ਮੁਆਫ਼ ਕਰਕੇ ਕੱਢ ਦਿੱਤੀ ਹੈ ਜੇਕਰ ਬਿਜਲੀ ਕਾਰਪੋਰੇਸ਼ਨ ਦਾ ਬਕਾਇਆ ਇਸ ਤਰ੍ਹਾਂ ਹੀ ਖੜਦਾ ਰਿਹਾ ਤਾਂ ਬਿਜਲੀ ਕਾਰਪੋਰੇਸ਼ਨ ਕਿੰਨਾ ਕੁ ਸਮਾਂ ਬਿਜਲੀ ਦੀ ਸਪਲਾਈ ਚਾਲੂ ਰੱਖ ਸਕੇਗਾ ?




ਪਿਛਲੀ ਕਾਂਗਰਸ ਦੀ ਸਰਕਾਰ ਨੇ ਅਖੀਰਲੇ ਸਾਲ ਵੋਟਾਂ ਲਈ ਪੱਤਾ ਖੇਡਦਿਆਂ ਮਹਿਲਾਵਾਂ ਨੂੰ ਸਰਕਾਰੀ ਬੱਸਾਂ ਅੰਦਰ ਮੁਫ਼ਤ ਸਫ਼ਰ ਦੀ ਸਹੂਲਤ ਸ਼ੁਰੂ ਕਰ ਦਿੱਤੀ ਜ਼ੋ ਕਿ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ ਪਹਿਲੀ ਗੱਲ ਤਾਂ ਜਦੋਂ ਸੰਵਿਧਾਨ ਮਹਿਲਾਵਾਂ ਅਤੇ ਪੁਰਸ਼ਾਂ ਨੂੰ ਬਰਾਬਰ ਦਾ ਅਧਿਕਾਰ ਦਿੰਦਾ ਹੈ ਤਾਂ ਇਹ ਸਹੂਲਤ ਇਕੱਲੀਆਂ ਮਹਿਲਾਵਾਂ ਲਈ ਹੀ ਕਿਉਂ ? ਉਦਾਹਰਣ ਦੇ ਤੌਰ ਤੇ ਇੱਕ ਮਹਿਲਾ ਕਿਸੇ ਸਰਕਾਰੀ ਡਿਊਟੀ ਤੇ ਹੈ ਅਤੇ ਉਸ ਦੀ ਇੱਕ ਲੱਖ ਰੁਪਏ ਤਨਖਾਹ ਹੈ ਪ੍ਰੰਤੂ ਸਫ਼ਰ ਦੌਰਾਨ ਉਸ ਦੀ ਟਿਕਟ ਮੁਆਫ ਹੈ ਜਦੋਂ ਕਿ ਉਸੇ ਬੱਸ ਅੰਦਰ ਇੱਕ ਦਿਹਾੜੀਦਾਰ ਪੁਰਸ਼ ਵੀ ਸਫ਼ਰ ਕਰ ਰਿਹਾ ਹੈ ਜਿਸ ਦੀ ਮਹੀਨੇ ਦੀ ਆਮਦਨ 10-12 ਹਜ਼ਾਰ ਤੋਂ ਵੱਧ ਨਹੀਂ ਹੈ ਪ੍ਰੰਤੂ ਉਸ ਨੂੰ ਟਿਕਟ ਲੈਣੀ ਪਵੇਗੀ ਇਹ ਕਿੱਧਰ ਦਾ ਇਨਸਾਫ਼ ਹੈ ਹਾਂ ਜੇਕਰ ਸਰਕਾਰ ਨੇ ਕੋਈ ਸਹੂਲਤ ਦੇਣੀ ਹੀ ਹੈ ਤਾਂ ਘੱਟੋ ਘੱਟ ਕੋਈ ਬਰਾਬਰਤਾ ਤਾਂ ਹੋਣੀ ਚਾਹੀਦੀ ਹੈ ਸਰਕਾਰਾਂ ਦੇ ਇਸ ਨਿਕੰਮੇ ਫੈਸਲੇ ਕਰਕੇ ਸਿਰਫ਼ ਚਾਰ ਸਾਲ ਪੁਰਾਣੀਆਂ ਬੱਸਾਂ ਵੀ ਅੱਜ ਸਪੇਅਰ ਪਾਰਟਸ ਅਤੇ ਟਾਇਰਾਂ ਦੀ ਘਾਟ ਕਾਰਨ ਡਿੱਪੂਆਂ ਦਾ ਸ਼ਿੰਗਾਰ ਬਣੀਆਂ ਖੜੀਆਂ ਹਨ ਅਤੇ ਸਰਕਾਰੀ ਅਦਾਰਿਆਂ ਪੀਆਰਟੀਸੀ ਅਤੇ ਪੰਜਾਬ ਰੋਡਵੇਜ਼ ਦੇ ਕਰੋੜਾਂ ਰੁਪਏ ਪੰਜਾਬ ਸਰਕਾਰ ਵੱਲ ਬਕਾਇਆ ਖੜ੍ਹੇ ਹਨ ਚਾਹੀਦਾ ਤਾਂ ਇਹ ਸੀ ਕਿ ਪਹਿਲਾਂ ਵਾਲੀਆਂ ਸਰਕਾਰਾਂ ਦੇ ਗਲਤ ਫੈਸਲਿਆਂ ਦੀ ਮੁੜ ਸਮੀਖਿਆ ਕੀਤੀ ਜਾਂਦੀ ਤਾਂ ਕਿ ਪੰਜਾਬ ਦੇ ਖਜ਼ਾਨੇ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਪ੍ਰੰਤੂ ਪੰਜਾਬ ਸਰਕਾਰ ਤਾਂ ਇੱਕ ਕਮਲੀ ਅਤੇ ਦੂਸਰਾ ਪੈ ਸਿਵਿਆਂ ਦੇ ਰਾਹ ਗਈ ਦੀ ਤਰ੍ਹਾਂ ਪਹਿਲਾਂ ਵਾਲੀਆਂ ਸਰਕਾਰਾਂ ਨਾਲੋਂ ਵੀ ਦੋ ਰੱਤੀਆਂ ਅੱਗੇ ਲੰਘ ਗਈ ਹੈ

ਅੱਜ ਪੰਜਾਬ ਨੂੰ ਸਿੱਖਿਆ ਅਤੇ ਸਿਹਤ ਦੇ ਖੇਤਰ ਅੰਦਰ ਵੱਡੇ ਸੁਧਾਰਾਂ ਦੀ ਲੋੜ ਹੈ ਪ੍ਰੰਤੂ ਪੰਜਾਬ ਸਰਕਾਰ ਨੇ ਇੰਨਾਂ ਖੇਤਰਾਂ ਵੱਲ ਧਿਆਨ ਦੇਣ ਦੀ ਬਜਾਏ ਆਪਣੀਆਂ ਫੋਕੀਆਂ ਮਸ਼ਹੂਰੀਆਂ ਤੇ ਹੀ ਖਜ਼ਾਨੇ ਦਾ ਮੂੰਹ ਖੋਲ ਰੱਖਿਆ ਹੈ ਪੰਜਾਬ ਸਰਕਾਰ ਦੀਆਂ ਮਸ਼ਹੂਰੀਆਂ ਦੀ ਦਿੱਲੀ, ਮਹਾਰਾਸ਼ਟਰ ਅਤੇ ਗੁਜਰਾਤ ਤੱਕ ਮਸ਼ਹੂਰੀਆਂ ਦੀ ਭਲਾਂ ਕੋਈ ਤੁਕ ਬਣਦੀ ਹੈ ? ਸਿਹਤ ਸਹੂਲਤਾਂ ਦੇ ਚੰਗੇ ਭਲੇ ਚੱਲ ਰਹੇ ਸਿਸਟਮ ਦੀ ਥਾਂ ਆਮ ਆਦਮੀ ਕਲੀਨਿਕ ਬਨਾਉਣੇ ਆਪਣੀ ਹਾਉਮੈ ਨੂੰ ਪੱਠੇ ਪਾਉਣ ਤੋਂ ਵੱਧ ਕੁੱਝ ਵੀ ਨਹੀਂ ਹੈ ਕਿਉਂਕਿ ਦਿੱਲੀ ਦੀ ਸੰਘਣੀ ਅਬਾਦੀ ਲਈ ਤਾਂ ਇੰਨਾਂ ਦੀ ਸਮਝ ਆਉਂਦੀ ਸੀ

ਹੁਣ ਨੱਕੋ ਨੱਕ ਕਰਜ਼ਾਈ ਹੋਏ ਖਜ਼ਾਨੇ ਦੀ ਦੁਰਵਰਤੋਂ ਕਰਦੇ ਹੋਏ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਹਿਲਾਵਾਂ ਦੀਆਂ ਵੋਟਾਂ ਨੂੰ ਪ੍ਰਭਾਵਿਤ ਕਰਨ ਲਈ ਜੋ ਇੱਕ ਇੱਕ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ ਉਹ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੈ ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੀ ਜਨਤਾ ਨੂੰ ਰੋਜ਼ਗਾਰ ਦੇ ਸਾਧਨ ਮੁਹਈਆ ਕਰਵਾਏ ਜਾਂਦੇ ਤਾਂ ਕਿ ਉਨ੍ਹਾਂ ਨੂੰ ਮੁਫ਼ਤ ਦੀਆਂ ਸਹੂਲਤਾਂ ਦੀ ਕੋਈ ਲੋੜ ਹੀ ਨਾ ਰਹਿੰਦੀ ਬਾਕੀ ਅਸਲ ਲੋੜ ਤਾਂ ਖਜ਼ਾਨੇ ਦਾ ਮਾਲੀਆ ਵਧਾਉਣ ਦੀ ਸੀ ਪ੍ਰੰਤੂ ਕਰਜ਼ੇ ਵਿੱਚ ਵਾਧਾ ਕਰਕੇ ਸਹੂਲਤਾਂ ਦੇਣੀਆਂ ਪਹਿਲਾਂ ਹੀ ਤਬਾਹ ਹੋ ਚੁੱਕੇ ਖਜ਼ਾਨੇ ਨੂੰ ਹੋਰ ਤਬਾਹ ਕਰਨਾ ਹੈ ਜਿਸ ਦਾ ਖਮਿਆਜ਼ਾ ਪੰਜਾਬ ਦੀ ਜਨਤਾ ਨੂੰ ਹੀ ਆਉਣ ਵਾਲੇ ਸਮੇਂ ਦੌਰਾਨ ਭੁਗਤਣਾ ਪਵੇਗਾ ਕਿਉਂਕਿ ਰਾਜਸੀ ਪਾਰਟੀਆਂ ਤਾਂ ਖਜ਼ਾਨੇ ਦੀ ਲੁੱਟ ਖਸੁੱਟ ਕਰਕੇ ਤੁਰਦੀਆਂ ਬਣਨਗੀਆਂ




**ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ**



ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ

403 640 2000

punjabiakhbaar@gmail.com



This discĺaimer informs the readers of 'the Punjabi Akhbaar' that the views, thoughts, and opinions expressed in the texts beĺong soĺeĺy to their authors, and not necessariĺy to the author's empĺoyer, organization, committee or other group or individuaĺ, and the Editor and Pubĺisher of this Newspaper. The concerned companies that advertise in this News Paper are responsibĺe for the content, information, price, warranty, guaranty, quaĺity etc. and not 'the Punjabi Akhbaar'. The Editor reserves the right to edit or not the articĺes, reports and/or news pubĺished herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ


ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ ਚਰਖਾ ਮੇਰਾ ਰੰਗਲਾ, ਵਿੱਚ ਸੋਨੇ ਦੀਆਂ ਮੇਖਾਂ ਚਮਕੀਆਂ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 23 ਫ਼ਰਵਰੀ ਨੂੰ ਵੀਵੋ ਵਿਖੇ ਹੋਈ। ਗੁਰਿੰਦਰ ਕੌਰ ਨੇ ਸ਼ਬਦ ਗਾਇਨ ਕੀਤਾ - ਜੋ ਮਾਂਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਸਿਹਤ ਸੰਬੰਧੀ ਕੋਲੈਸਟ੍ਰੋਲ ਬਾਰੇ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਐਲਡੀਐਲ ਕਿਸਮ ਦਾ ਕੋਲੈਸਟ੍ਰੋਲ ਨਾੜੀਆਂ ਵਿੱਚ ਜੰਮ ਜਾਂਦਾ ਹੈ ਜਦੋਂ ਕਿ ਐਚਡੀਐਲ ਨਾੜੀਆਂ ਨੂੰ ਸਾਫ਼ ਕਰਦਾ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਮੇ-ਸਮੇ ਟੈਸਟ ਕਰਵਾ ਕੇ ਲੋੜ ਪਵੇ ਤਾਂ ਡਾਕਟਰ ਦੀ ਸਲਾਹ ਮੁਤਾਬਕ ਦਵਾਈ ਲੈਣੀ ਜ਼ਰੂਰੀ ਹੈ। ਦੁੱਖ-ਸੁੱਖ ਦੀ ਸਾਂਝ ਬਾਰੇ ਕਿਹਾ ਕਿ ਉਹ ਬਹੁਤ ਖ਼ੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਅਮਰਜੀਤ ਕੌਰ ਦੇ ਰੂਪ ਵਿੱਚ ਏਨੀ ਚੰਗੀ, ਮਦਦਗਾਰ ਅਤੇ ਸਾਹ ਵਿੱਚ ਸਾਹ ਲੈਣ ਵਾਲ਼ੀ ਜੀਵਨ-ਸਾਥਣ ਮਿਲੀ ਹੈ। ਫ਼ਰਵਰੀ ਮਹੀਨੇ ਪੈਂਦੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਮੁਬਾਰਕਾਂ ਪਰੋਸੀਆਂ ਗਈਆਂ। ਅੰਤਰਰਾਸ਼ਟਰੀ ਭਾਸ਼ਾ ਦਿਵਸ ਦੇ ਸੰਬੰਧ ਵਿੱਚ ਅਸ਼ੋਕ ਵਰਮਾ ਨੇ - ਮੈਂ ਬੋਲੀ ਪੰਜਾਬ ਦੀ, ਜਸਵੀਰ ਸਿਹੋਤਾ ਨੇ - ਜਿੱਤ ਹਾਰ ਦੀ ਉਚਾਈ ਮੈਂ ਵੇਖ ਚੁੱਕਿਆ ਅਤੇ ਅਮਰੀਕ ਸਿੰਘ ਨੇ- ਵਤਨ ਆਪਣੇ ਨੂੰ ਗ਼ੁਲਜ਼ਾਰ ਲਿਖ ਦਿਆਂ - ਕਵਿਤਾਵਾਂ ਦਾ ਉਚਾਰਨ ਕੀਤਾ। ਅਸ਼ੋਕ ਵਰਮਾ ਨੇ ਪੰਜਾਬੀ ਦੇ ਸ਼ਬਦ-ਭੰਡਾਰ ਦੀ ਅਮੀਰੀ ਤੋਂ ਜਾਣੂੰ ਕਰਾਇਆ, ਕਰਮ ਸਿੰਘ ਭੁੱਲਰ, ਤਰਜੀਤ ਸਿੰਘ ਲਾਲੀ ਅਤੇ ਸਖਦੇਵ ਬੈਂਸ ਨੇ ਮਾਂ-ਬੋਲੀ ਨੂੰ ਅਗਲੀਆਂ ਪੀੜ੍ਹੀਆਂ ਤਕ ਪੁਚਾਉਣ ਦੀ ਲੋੜ ਦਰਸਾਈ। ਸੁਖਵਿੰਦਰ ਤੂਰ ਦਾ ਗੀਤ ਸੀ - ਆਪਣਾ ਪੰਜਾਬ ਹੋਵੇ, ਹੱਥ 'ਚ ਕਿਤਾਬ ਹੋਵੇ,ਗਿੱਲ ਸੁਖਮੰਦਰ ਨੇ ਆਪਣਾ ਲਿਖਿਆ ਗੀਤ ਸੁਣਾਇਆ - ਮਿਸ਼ਰੀ ਨਾਲ਼ੋਂ ਮਿੱਠੀ ਹੈ ਇਹ ਬੋਲੀ ਸਾਡੀਆਂ ਮਾਵਾਂ ਦੀ। ਡਾ: ਮਨਮੋਹਨ ਬਾਠ ਨੇ - ਜਬ ਮੁਹੱਬਤ ਜਵਾਨ ਹੋਤੀ ਹੈ, ਹਰ ਅਦਾ ਇੱਕ ਜ਼ੁਬਾਨ ਹੋਤੀ ਹੈ - ਗੀਤ ਦੀ ਪੇਸ਼ਕਾਰੀ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਸੁਰਿੰਦਰ ਢਿੱਲੋਂ ਨੇ ਜੀਪੀਐਸ ਦੇ ਪਿਛੋਕੜ ਅਤੇ ਇਸ ਦੀ ਕਾਰਜ-ਵਿਧੀ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਸ਼ਮਿੰਦਰ ਕੰਮੋਹ ਨੇ ਮਜ਼ਾਕੀਆ ਕਵਿਤਾ ਮਖ਼ੌਲੀਆ ਅੰਦਾਜ਼ ਵਿੱਚ ਪੇਸ਼ ਕਰ ਕੇ ਦਰਸ਼ਕਾਂ ਨੂੰ ਹਰੇਕ ਬੰਦ ਉਪਰ ਹੱਸਣ ਲਈ ਮਜਬੂਰ ਕਰ ਦਿੱਤਾ - ਲਿਖਣ ਤੋਂ ਪਹਿਲਾਂ ਰੱਬ ਕੋਲ਼ੋਂ ਡਰੀਏ / ਬੁਢਾਪੇ ਵਿੱਚ ਹੋ ਜਾਏ ਇਸ਼ਕ ਤਾਂ ਕੀ ਕਰੀਏ। ਹੋਰ ਹਾਸਰਸ ਪੈਦਾ ਕਰਨ ਵਿੱਚ ਜੋਗਾ ਸਿੰਘ ਲੈਹਲ, ਕਰਮ ਸਿੰਘ ਭੁੱਲਰ, ਸੁਰਿੰਦਰ ਢਿੱਲੋ ਅਤੇ ਅਮਰੀਕ ਸਿੰਘ ਆਪੋ-ਆਪਣਾ ਹੁਨਰ ਵਿਖਾ ਗਏ। ਸੁਰਜੀਤ ਕੌਰ ਕੰਮੋਹ ਦਾ ਗੀਤ - ਚਰਖਾ ਮੇਰਾ ਰੰਗਲਾ, ਵਿੱਚ ਸੋਨੇ ਦੀਆਂ ਮੇਖਾਂ - ਤ੍ਰਿੰਜਣ ਦਾ ਦ੍ਰਿਸ਼ ਸਾਕਾਰ ਕਰ ਗਿਆ। ਸਹਿਜ ਅਵਸਥਾ ਵਿੱਚ ਮੰਚ-ਸੰਚਾਲਨ ਕਰਦੀ ਹੋਈ ਸੁਖਵਿੰਦਰ ਕੌਰ ਸੁੱਖੀ ਨੇ ਸ਼ਿਵਰਾਤਰੀ ਦੇ ਸੰਬੰਧ ਵਿੱਚ ਅੰਤਰਧਿਆਨ ਹੋਣ ਦੀ ਵਿਧੀ ਬਾਰੇ ਦੱਸਿਆ ਕਿ ਇਸ ਨਾਲ਼ ਮਨ ਦੀ ਅੰਦਰਲੀ ਰੌਸ਼ਨੀ ਵਿੱਚ ਝਾਤ ਪਾ ਕੇ ਬ੍ਰਹਮ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਸੁਰਿੰਦਰਜੀਤ ਪਲਾਹਾ ਨੇ ਰਸਮੀ ਤੌਰ 'ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਨਾਸ਼ਤੇ ਵਿੱਚ ਪਰਮਜੀਤ ਕੌਰ ਖੋਸਾ ਦੇ ਬਣਾਏ ਕੇਕ ਦਾ, ਲੰਚ ਵਿੱਚ ਵਰਤਾਏ ਸਲੂਣੇ ਅਤੇ ਖੱਟੇ-ਮਿੱਠੇ ਭੋਜਨ ਦਾ ਸੁਆਦ ਮੀਟਿੰਗ ਦੇ ਸਾਰੇ ਰੰਗਾਂ ਵਿੱਚ ਘੁਲ਼ ਗਿਆ।

# 2027 ਦੀਆਂ ਪੰਜਾਬ ਵਿਧਾਨ ਚੋਣਾ ਵਿੱਚ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ


## ਸਰਦਾਰ ਸੁਖਬੀਰ ਸਿੰਘ ਬਾਦਲ ਹੋਣਗੇ ਮੁੱਖ ਮੰਤਰੀ -ਡਾ: ਗੁਰਮੇਲ ਸਿੰਘ ਘਈ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਐਡਮਿੰਟਨ ਸ਼ਹਿਰ ਵਿੱਚ ਨਿੱਜੀ ਫੇਰੀ ਦੌਰਾਨ ਆਪਣੀ ਬੇਟੀ ਕੋਲ ਆਏ ਡਾ: ਗੁਰਮੇਲ ਸਿੰਘ ਘਈ ਜ਼ਿਲ੍ਹਾ ਪ੍ਰੈਸ ਸਕੱਤਰ ਅਤੇ ਵਾਰਡ ਨੰਬਰ 4 ਦੇ ਬੂਥ ਮੁਖੀ ਤਲਵੰਡੀ ਸਾਬੋ ਦਮਦਮਾ ਸਾਹਿਬ ਨੇ ਪੱਤਰਕਾਰ ਮਿਲਣੀ ਦੌਰਾਨ ਕਿਹਾ ਕਿ ਪੰਜਾਬ ਵਿੱਚ ਆਉਣ ਵਾਲੀ 2027 ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਸਰਕਾਰ ਨੂੰ ਸਰਕਾਰ ਬਣਾਉਣ ਦਾ ਪੰਜਾਬ ਦੇ ਲੋਕਾਂ ਨੇ ਮਨ ਬਣਾ ਲਿਆ ਹੈ ਕਿਉਂਕਿ ਪੰਜਾਬੀਆ ਨਾਲ ਠੱਗੀ ਮਾਰਕੇ ਬਣੀ ਆਪ ਸਰਕਾਰ ਨੇ ਬੀਬੀਆਂ ਨੂੰ 1000,ਰੁਪੈ ਦੇਣ ਦੇ ਲਾਰੇ ਅਤੇ ਪਹਿਲਾਂ ਗੁਟਕਾ ਸਾਹਿਬ ਦੀ ਸੌਂਹ ਖਾ ਕੇ ਕੈਪਟਨ ਅਮਰਿੰਦਰ ਸਿੰਘ ਨੇ ਨੌਜਵਾਨਾਂ ਨੂੰ ਫਰੀ ਮੋਬਾਇਲ ਦੇਣ ਦੇ ਲਾਰਿਆਂ ਤੋ ਲੋਕਾਂ ਦਾ ਮਨ ਦੋਹਾਂ ਸਰਕਾਰਾਂ ਤੋਂ ਉਠ ਚੁੱਕਾ ਹੈ ਅਤੇ ਲੋਕਾਂ ਨੇ ਬਦਲਾਅ ਨੂੰ ਵੀ ਪਰਖ ਲਿਆ ਹੈ। ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨੀ ਲੱਗਭਗ ਤਹਿ ਹੈ। ਸੁਖਬੀਰ ਸਿੰਘ ਬਾਦਲ ਅਗਲੇ ਮੁੱਖ ਮੰਤਰੀ ਹੋਣਗੇ। ਐਡਮਿੰਟਨ ਤੋ ਪੱਤਰਕਾਰ ਸੁਖਦੇਵ ਸਿੰਘ ਧਨੋਆ ਨਾਲ ਗੱਲਬਾਤ ਕਰਦਿਆਂ ਡਾ: ਘਈ ਨੇ ਕਿਹਾ ਕਿ ਪੀਟਰ ਸਫਰੀ ਦੀ ਅਗਵਾਈ ਹੇਠ ਜਲਦੀ ਹੀ ਕਨੇਡਾ ਦੇ ਐਡਮਿੰਟਨ ਸ਼ਹਿਰ ਦੇ ਵਿੱਚ ਅਕਾਲੀ ਦਲ ਦੀ ਇਕਾਈ ਸਥਾਪਤ ਕੀਤੀ ਜਾਵੇਗੀ। ਇਸ ਮਿਲਣੀ ਦੌਰਾਨ ਪੀਟਰ ਸਫ਼ਰੀ, ਗੁਰਦੀਪ ਮਾਨ, ਪੱਪੂ ਜੋਗਰ, ਸਿਮਰਨ ਸਿੰਘ ਧਾਲੀਵਾਲ, ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ।







# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕੈਲਗਰੀ ਵਰਕ ਪਰਮਿਟ ਉੱਪਰ ਰਹਿੰਦੇ ਰਾਮਗੜੀਆ ਪਰਿਵਾਰ ਦੇ ਲੜਕੇ ਜਨਮ 1997 ਕੱਦ 5 ਫੁੱਟ 7 ਇੰਚ,ਆਟੋਮੋਟਿਵ ਟੈਕਨੀਸ਼ੀਅਨ,ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕੋਈ ਜਾਤੀ ਬੰਦਨ ਨਹੀਂ । ਸੰਪਰਕ: ਵਟਸਐਪ 1 (647) 685-9457 ***292***3

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ , ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ ‘ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600, E mail: sbhathal52@gmail.com ***292***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗੋਤ ਮੇਸ ਪਰਿਵਾਰ ਦੀ ਲੜਕੀ ਉਮਰ 27 ਸਾਲ,ਕੱਦ 5 ਫੁੱਟ 3 ਇੰਚ, ਪਲੱਸ 2 ਲਈ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਫੋਨ: 1 825 431 3300 ਜਾਂ ਈ ਮੇਲ: Jmanjit61@gmail.com ***292***3

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਇੰਡੀਆ ਰਹਿੰਦੇ ਲੜਕੇ ਉਮਰ 31 ਸਾਲ ਕੱਦ 6 ਫੁੱਟ 1 ਇੰਚ ਆਈ ਟੀ ਆਈ ਪਲੰਬਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਬਾਕੀ ਪਰਿਵਾਰ ਕੈਨੇਡਾ ਵੈਲ ਸੈਟਲਡ ਹੈ । ਸੰਪਰਕ:1778 710 0002 ***292***3

## ਲੜਕੀ ਦੀ ਲੋੜ

ਜੱਟ ਸਿੱਖ ਸਮਰਾ ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ, ਕੈਨੇਡਾ ਤੋਂ ਪੋਸਟ ਗਰੈਜੂਏਟ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕਾ ਇਸ ਵੇਲੇ ਗੈਸ ਸਟੇਸਨ ਉੱਪਰ ਵਰਕ ਪਰਮਿਟ ਉੱਪਰ ਸੁਪਰਵਾਈਜਰ ਦੀ ਜੌਬ ਕਰ ਰਿਹਾ ਹੈ। ਲੜਕੇ ਕੋਲ 2 ਏਕੜ ਜਮੀਨ ਹੈ ਅਤੇ ਭੈਣ ਕੈਲਗਰੀ ਵੈਲ ਸੈਟਲਡ ਹੈ। ਕਾਲ ਜਾਂ ਵਟਸਐਪ ਮੈਸੇਜ: 1 587 435 2247 ***288**1

## ਲੜਕੇ ਦੀ ਲੋੜ

ਰਾਮਗੜ੍ਹੀਆ ਗੁਰਸਿੱਖ ਕਨੇਡੀਅਨ ਸਿਟੀਜ਼ਨ ਲੜਕੀ,ਜਨਮ 1996, ਕੱਦ 5 ਫੁੱਟ 4 ਇੰਚ,ਰਿਹਾਇਸ਼ ਕੈਲਗਰੀ (ਕਨੇਡਾ) ਲਈ ਚੰਗੇ ਸੈਟਲ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਲਗਰੀ ਨਿਵਾਸੀ ਹੋਵੇ । ਸੰਪਰਕ: +919814212395***291***

## ਲੜਕੀ ਦੀ ਲੋੜ

PR Canada handsome turbaned Veterinary Doctor Boy,1996/5' 7'',BVSc & AH (Doctor of Veterinary Medicine), Looking for Canadian Citizen/PR Veterinary Doctor girl, Caste no bar, Kindly provide Bio data if interested, WhatsApp: +919781040140 ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1998, ਕੱਦ 6 ਫੁੱਟ, ਇਲੈਕਟਰੀਕਲ ਡਿਪਲੋਮਾ ਹੋਲਡਰ,ਇਲੈਕਟਰੀਸਨ ਦਾ ਬਿਜਨਿਸ ਕਰਦੇ ਲਈ, ਕਨੇਡਾ ਵਿੱਚ ਰਹਿੰਦੀ ਵੈਲ ਸੈਟਲਡ ਲੜਕੀ, ਜਿਸਦਾ ਕੱਦ ਘੱਟੋ ਘੱਟ 5 ਫੁੱਟ 5 ਇੰਚ ਜਰੂਰ ਹੋਵੇ,ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 3 ਏਕੜ ਜਮੀਨ ਹੈ। ਸੰਪਰਕ: 91 9463530520 ਜਾਂ 403 702 1490 ,ਈ ਮੇਲ: gillkaran50333@gmail.com ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ 1 ਇੰਚ, ਬੀ ਐਸ ਸੀ ਐਗਰੀਕਲਚਰਲ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਸਰਕਾਰ ਵਿੱਚ ਇੰਸਪੈਕਟਰ ਦੀ ਜੌਬ,ਅਤੇ 13 ਏਕੜ ਜਮੀਨ ਦੀ ਮਾਲਕੀ ਹੈ। ਕਨੇਡੀਅਨ ਪੀ ਆਰ ਪੋਆਇੰਟ ਸਿਸਟਮ ਨਾਲ ਹੋਈ ਹੈ। ਛੋਟੀ ਭੈਣ ਕੈਨਡਾ ਰਹਿ ਰਹੀ ਹੈ। ਸੰਪਰਕ: 1 604 902 2632 ***290***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287 ***,

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287 ***., , ,

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287 ***,

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੂਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ।

ਸੰਪਰਕ: 1 519 572 7598 ਜਾਂ +91 9416020778***287 ***,

## ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+ 91 8544819749 ***287 ***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 9583592000

**Need Office Administrator**

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**

“ਪੰਜਾਬੀ ਅਖ਼ਬਾਰ” ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਤਸਵੀਰਾਂ

ਇਕ ਸਮਾਂ ਸੀ
ਜਦੋਂ ਮੈਨੂੰ
ਭੋਲੀਆਂ ਸੂਰਤਾਂ ਦੇ ਮੁਰਝਾਏ ਚਿਹਰੇ
ਦਿਸਦੇ ਸਨ
ਸਿਲਾ ਚੁਗਦੀਆਂ ਕੁੜੀਆਂ ਦੀਆਂ
ਪਾਟੀਆਂ ਕੁੜਤੀਆਂ ਵਿੱਚੋਂ
ਡੋ ਡੋ ਕਰਦੀ ਗਰੀਬੀ
ਦਿਸਦੀ ਸੀ ਮੈਨੂੰ
ਰੂੜੀਆਂ 'ਤੋਂ ਲੀਰਾਂ
ਇਕੱਠੀਆਂ ਕਰਦੀਆਂ
ਬਾਲੜੀਆਂ ਦੀਆਂ ਅੱਖਾਂ
ਮੇਰੇ ਤੇ ਸਵਾਲ ਕਰਦੀਆਂ
ਤੇ ਮੈਨੂੰ ਇਸ ਸਭ ਕਾਸੇ ਦੇ ਦਰਮਿਆਨ
ਬਾਪੂ ਦੀ ਚਿੱਟੀ ਦਾੜ੍ਹੀ 'ਚ ਫਸੀ
ਤੂੜੀ ਦਿਸ ਪੈਂਦੀ
ਇਹ ਸਭ ਕੁਝ
ਮਨ ਦੇ ਨ੍ਹੇਰੇ ਕੋਨੇ
ਤਸਵੀਰਾਂ ਬਣ ਸਜ ਗਏ
ਤੇ ਹੁਣ ਮੇਰੀ ਲਿਖੀ
ਹਰ ਕਹਾਣੀ ਜਾਂ ਕਵਿਤਾ
ਇਹਨਾਂ ਤਸਵੀਰਾਂ ਚੋਂ ਕੋਈ
ਤਸਵੀਰ ਹੁੰਦੀ ਹੈ
ਮੇਰੀ ਹੋਂਦ ਤਾ
ਰੰਗ ਭਰਨ ਵਾਲੇ
ਬੁਰਸ਼ ਤੋਂ ਵੱਧ ਕੁਝ ਵੀ ਨਹੀਂ
ਮੈਂ ਨਾ ਕਵੀ
ਤੇ ਨਾ ਕਹਾਣੀਕਾਰ ਹਾਂ

**ਸਰਦੂਲ ਧਾਲੀਵਾਲ**

## ਤੈਂ ਕੀ ਦਰਦ ਨਾ ਆਇਆ ?

ਸਾਲਾਂ ਬੱਧੀ ਨੰਨੀਆਂ-ਨੰਨੀਆਂ,
ਭੋਲੀਆਂ ਤੇ ਮਾਸੂਮ ਜਿੰਦਾਂ,
ਕੁਰਲਾਉਂਦੀਆਂ ਰਹੀਆਂ,
ਚੀਕ-ਚਿਹਾੜਾ ਪਾਉਂਦੀਆਂ ਰਹੀਆਂ,
ਤੂੰ ਖਾਮੋਸ਼ ਰਿਹਾ : ਸਭ ਤੱਕਦਾ ਰਿਹਾ।
ਤੈਂ ਕੀ ਦਰਦ ਨਾ ਆਇਆ ?

ਖੂੰਖਾਰ-ਦਰਿੰਦੇ ਕੋਮਲ ਮਾਸ ਨੋਚਦੇ ਰਹੇ,
ਮਾਸ ਖਾਂਦੇ ਰਹੇ,ਖ਼ੂਨ ਪੀਂਦੇ ਰਹੇ,
ਵਹਿਸ਼ੀਅਤ ਦਾ ਨੰਗਾ ਨਾਚ ਨੱਚਦੇ ਰਹੇ।
ਤੂੰ ਖਾਮੋਸ਼ ਰਿਹਾ,ਸਭ ਤੱਕਦਾ ਰਿਹਾ।
ਤੈਂ ਕੀ ਦਰਦ ਨਾ ਆਇਆ ?

ਵਿਸ਼ਵ ਦੇ ਵੱਡੇ-ਵੱਡੇ ਸਿਆਸਤਦਾਨ,
ਵੱਡੇ-ਵੱਡੇ ਅਪਾਹਜ ਸਾਇੰਸਦਾਨ,
ਫ਼ਿਲਮੀ ਦੁਨੀਆਂ ਦੇ ਬਾਦਸ਼ਾਹ,
ਬੁੱਧੀਜੀਵੀ ਤੇ ਸੂਝਵਾਨ ਲੋਕ,
ਰਾਜ- ਘਰਾਣਿਆਂ ਦੇ ਸ਼ਹਿਜ਼ਾਦੇ,
ਵਿਸ਼ਵ ਦੇ ਧਨਾਢ ਤੇ ਉਨ੍ਹਾਂ ਦੇ ਅਮੀਰਜ਼ਾਦੇ।
ਤੂੰ ਖਾਮੋਸ਼ ਰਿਹਾ,ਸਭ ਤੱਕਦਾ ਰਿਹਾ।
ਤੈਂ ਕੀ ਦਰਦ ਨਾ ਆਇਆ ?

ਜਦੋਂ ਹੈਵਾਨੀਅਤ,ਦਰਿੰਦਗੀ ਜਿੱਤ ਜਾਏ,
ਇਨਸਾਨੀਅਤ ਲਹੂ-ਲੂਹਾਣ ਹੋ ਜਾਏ,
ਬੇਸ਼ਰਮੀ ਸਾਰੇ ਹੱਦ- ਬੰਨ੍ਹੇ ਟੱਪ ਜਾਏ,
ਵਾੜ ਹੀ ਖੇਤ ਨੂੰ ਖਾਣ ਲੱਗ ਜਾਏ,
ਕਾਮ ਦਾ ਜ਼ਹਿਰੀਲਾ ਨਾਗ,
ਸਭ ਨੂੰ ਵੱਢ ਵੱਢ ਖਾ ਜਾਏ,
ਤੂੰ ਖਾਮੋਸ਼ ਰਿਹਾ,ਸਭ ਤੱਕਦਾ ਰਿਹਾ,
ਤੈਂ ਕੀ ਦਰਦ ਨਾ ਆਇਆ ?

**ਅੰਮ੍ਰਿਤ ਢਿੱਲੋਂ**

## ਨਾਰੀ ਦਿਵਸ

ਅੱਜ ਸੰਸਾਰ ਮਨਾ ਰਿਹਾ ਹੋਵੇਗਾ ਜਸ਼ਨ
ਕੌਮਾਂਤਰੀ ਨਾਰੀ ਦਿਵਸ ਦਾ
ਤੇ ਅਖ਼ਬਾਰਾਂ ਦੇ ਮੁੱਖ ਪੰਨਿਆਂ ਤੇ
ਛਪੀ ਹੋਵੇਗੀ ਇੱਕ ਵੱਡੀ ਤਸਵੀਰ
ਮਿੱਟੀ ਨਾਲ ਲਥਪਥ ਲੀੜਿਆਂ ਵਾਲੀ
ਉਸ ਕਮਜ਼ੋਰ ਬਦਨ ਮਜ਼ਦੂਰਨੀ ਦੀ
ਜਿਸਨੇ ਆਪਣੀ ਕੁੱਬੀ ਜਿਹੀ ਪਿੱਠ ਤੇ
ਚੁੱਕਿਆ ਹੋਵੇਗਾ ਨਿੱਕਾ ਜਿਹਾ ਬਾਲ
ਤੇ ਵਿਚਾਰੀ ਦੇ ਸਿਰ ਲੱਦਿਆ ਹੋਵੇਗਾ
ਪੱਕੀਆਂ ਇੱਟਾਂ ਦਾ ਵੱਡਾ ਸਾਰਾ ਬੋਝ ।

ਉਧਰ ਇਕ ਸਫ਼ੇਦਪੋਸ਼ ਸਿਆਸੀ ਆਗੂ
ਜਿਸਨੇ ਆਪਣੀ ਧਰਮਪਤਨੀ ਨੂੰ
ਕਦੇ ਵੀ ਨਹੀਂ ਸਮਝਿਆ ਹੋਵੇਗਾ
ਆਪਣੇ ਪੈਰਾਂ ਦੀ ਜੁੱਤੀ ਤੋ ਵੱਧ,
ਅੱਜ ਕਿਸੇ ਮੰਚ ਤੋਂ ਉਲਾਰ ਕੇ ਬਾਹਾਂ
ਤੇ ਪੜ੍ਹ ਰਿਹਾ ਹੋਵੇਗਾ ਕਸੀਦੇ
ਅਖੌਤੀ ਨਾਰੀ ਸਸਕਤੀਕਰਨ ਦੇ ।

ਉਧਰ ਦਹੇਜ ਦੇ ਲੋਭੀਆਂ ਦੀ ਸ਼ਿਕਾਰ
ਕੋਈ ਨਿਰਛਲ ਤੇ ਨਿਰਦੋਸ਼ ਨਾਰੀ
ਲਟ-ਲਟ ਬਲ਼ ਰਹੀ ਹੋਵੇਗੀ
ਚਿਤਾ ਦੀ ਉਸ ਘੋਰ ਅਗਨ ਵਿਚ
ਤੇ ਉਸਦੇ ਮਜਬੂਰ ਅਤੇ ਬੇਵੱਸ ਮਾਪੇ
ਕਾਨੂੰਨ ਦੇ ਰਾਖਿਆਂ ਅੱਗੇ ਝੋਲ਼ੀ ਅੱਡੀ
ਮੰਗ ਰਹੇ ਹੋਣਗੇ ਇਨਸਾਫ਼ ।
ਪਰ ਮਰੇ ਜ਼ਮੀਰ ਵਾਲਾ ਕੋਈ ਥਾਣੇਦਾਰ
ਜੇਬਾਂ ਚ ਤੁੰਨ ਕੇ ਨੋਟਾਂ ਦੀਆਂ ਦੱਥੀਆਂ
ਤੇ ਲਿਖ਼ ਰਿਹਾ ਹੋਵੇਗਾ ਸਰਾਸਰ ਝੂਠੀ,
ਨਿਰਾਧਾਰ ਤੇ ਮਨਘੜਤ ਜਿਹੀ ਰਿਪੋਰਟ ।

ਉਧਰ ਕੋਈ ਦਬਾਈ ਤੇ ਸਤਾਈ ਨਾਰੀ
ਹਸਪਤਾਲ ਦੇ ਕਿਸੇ ਹਨੇਰੇ ਕੋਨੇ ਚ
ਕੋਹ-ਕੋਹ ਕੇ ਮਰਵਾ ਰਹੀ ਹੋਵੇਗੀ
ਆਪਣੀ ਕੁੱਖ ਚ ਆਈ ਉਸ ਬਾਲੜੀ ਨੂੰ
ਜਿਸਨੇ ਅਜੇ ਅੱਖ ਤੱਕ ਵੀ ਪੁੱਟ ਕੇ
ਨਹੀਂ ਤੱਕਿਆ ਹੋਵੇਗਾ ਇਸ ਸੰਸਾਰ ਨੂੰ
ਤੇ ਉਸ ਅਣਭੋਲ ਦੀ ਡੋਲ਼ੀ ਦੀ ਥਾਂਵੇਂ
ਉਸਦੀ ਗੁਮਨਾਮ ਅਰਥੀ ਨੂੰ ਤੋਰ ਕੇ
ਬੇਹੱਦ ਸੁਰਖ਼ਰੂ ਹੋ ਰਿਹਾ ਹੋਵੇਗਾ
ਉਸਦਾ ਨਿਰਦਈ ਤੇ ਜ਼ਾਲਮ ਬਾਪ ।

ਕੰਬਦੇ ਹੱਥਾਂ, ਲੜਖੜਾਉਂਦੇ ਪੈਰਾਂ
ਤੇ ਝੁਰੜੀਆਂ ਭਰੇ ਚਿਹਰੇ ਵਾਲੀ
ਇਕ ਅਤਿਅੰਤ ਬਿਰਧ ਮਾਂ
ਅੱਜ ਉਡੀਕ ਰਹੀ ਹੋਵੇਗੀ
ਉਨ੍ਹਾ ਜਾਨ ਤੋਂ ਪਿਆਰੇ ਪੁੱਤਰਾਂ ਨੂੰ
ਜੋ ਉਸਨੂੰ ਹੱਥੀਂ ਅਰਥੀ ਤੇ ਪਾ
ਕਿਸੇ ਸਿਵੇ ਵਿਚ ਫੂਕਣ ਦੀ ਥਾਂ
ਚੁੱਪਚਾਪ ਹੀ ਉਤਾਰ ਗਏ ਹੋਣਗੇ
ਕਿਸੇ ਬਿਰਧ ਆਸ਼ਰਮ ਦੇ ਬੂਹੇ ।

ਇਸੇ ਤਰ੍ਹਾਂ ਇਕ ਜਵਾਨ ਵਿਧਵਾ
ਅੱਜ ਕਰ ਰਹੀ ਹੋਵੇਗੀ ਸੰਘਰਸ਼
ਉਨ੍ਹਾ ਜਿਸਮਾਂ ਭੁੱਖੇ ਬਘਿਆੜਾਂ ਨਾਲ
ਜੋ ਉਸ ਅਬਲਾ ਦੀ ਪੱਤ ਰੋਲ਼ਣ ਲਈ
ਸੁੱਟ ਰਹੇ ਹੋਣਗੇ ਮਣਾਂ-ਮੂੰਹੀਂ ਰਾਲ਼ ।

ਤੇ ਅੱਜ ਕਿਸੇ ਬਦਨਾਮ ਗਲੀ ਅੰਦਰ
ਕੋਈ ਬੇਬਸ ਤੇ ਲਾਚਾਰ ਨਾਰੀ
ਵੇਚ ਰਹੀ ਹੋਵੇਗੀ ਆਪਣਾ ਜਿਸਮ
ਆਪਣੇ ਉਨ੍ਹਾ ਮਾਸੂਮ ਬੱਚਿਆਂ ਲਈ

ਜੋ ਭੁੱਖ ਨਾਲ ਹੋਣਗੇ ਵਿਲਕਦੇ
ਰੋਟੀ ਦੇ ਚੰਦ ਟੁਕੜਿਆਂ ਲਈ ।

ਉਧਰ ਤੇਜ਼ਾਬ ਨਾਲ ਝੁਲਸੀ ਕੋਈ ਨਾਰੀ
ਬਿਟਰ-ਬਿਟਰ,ਇਕਟਕ ਤੱਕਦੀ ਹੋਵੇਗੀ
ਆਪਣੇ ਪੂਰੀ ਤਰ੍ਹਾਂ ਲਾਚਾਰ ਮਾਪਿਆਂ ਨੂੰ
ਤੇ ਧੁਰ ਅੰਦਰੋਂ ਮਹਿਸੂਸ ਕਰਦੀ ਹੋਵੇਗੀ
ਆਪਣੇ ਪਲ-ਪਲ ਮੁੱਕਦੇ ਸਾਹਾਂ ਨੂੰ
ਤੇ ਉਸਦੇ ਸੰਗ ਜਿਊਣ-ਮਰਨ ਦੀਆਂ
ਕਸਮਾਂ ਖਾਣ ਵਾਲਾ ਉਸਦਾ ਆਸ਼ਿਕ
ਬੈਠਾ ਹੋਵੇਗਾ ਕਿਸੇ ਮਹਿਫ਼ਲ ਵਿਚ
ਤੇ ਮਨਾ ਰਿਹਾ ਹੋਵੇਗਾ ਵੱਡਾ ਜਸ਼ਨ
ਆਪਣੀ ਜ਼ਬਰਦਸਤ ਜਿੱਤ ਦਾ ।

ਉਧਰ ਸੜ੍ਹਕ ਤੇ ਪੱਥਰ ਕੁੱਟਦੀ ਹੋਈ
ਕਿਸੇ ਗ਼ਰੀਬ ਨਾਰੀ ਦੀ ਪਿੱਠ ਤੇ
ਲਟਕਿਆ ਨਿੱਕਾ ਜਿਹਾ ਬਾਲ
ਭੁੱਖ ਨਾਲ ਹੋ ਰਿਹਾ ਹੋਵੇਗਾ ਬੇਹਾਲ
ਪਰ ਠੇਕੇਦਾਰ ਦੇ ਰੋਅਬ ਤੋਂ ਡਰਦੀ,
ਬੰਦ ਕਰਕੇ ਆਪਣੇ ਕੰਨ ਤੇ ਬੁੱਲ
ਉਹ ਕਰੀ ਜਾ ਰਹੀ ਹੋਵੇਗੀ ਕੰਮ
ਕਿਸੇ ਬੇਜਾਨ ਮਸ਼ੀਨ ਦੀ ਤਰ੍ਹਾਂ ।

ਤੇ ਉਧਰ ਕਿਸੇ ਨਸ਼ੇੜੀ ਦੀ ਪਤਨੀ
ਬੜੀ ਹੀ ਆਸ ਤੇ ਉਮੀਦ ਨਾਲ
ਕਰ ਰਹੀ ਹੋਵੇਗੀ ਇੰਤਜ਼ਾਰ
ਉਨ੍ਹਾ ਸੁੱਖ ਭਰਪੂਰ ਪਲਾਂ ਦਾ
ਜਦੋਂ ਉਸਦਾ ਪਤੀ ਛੱਡ ਕੇ ਨਸ਼ੇ
ਤੇ ਭਰ ਦੇਵੇਗਾ ਉਸਦੀ ਝੋਲ਼ੀ
ਖ਼ੁਸ਼ੀਆਂ ਨਾਲ,ਖੇੜਿਆਂ ਨਾਲ ।

ਸਾਰਾ ਜਹਾਨ ਅੱਜ ਹੱਸਦਾ ਹੋਵੇਗਾ
ਇਕ ਬੇਹੱਦ ਖਚਰਾ ਜਿਹਾ ਹਾਸਾ
ਉਸ ਨਾਰੀ ਦੇ ;ਸਸ਼ਕਤੀਕਰਣ ਤੇ
ਜੋ ਬਹੁਗਿਣਤੀ ਚ ਅੱਜ ਵੀ ਜਿਊਂਦੀ ਹੈ
ਆਪਣੇ ਘਰ ਅਤੇ ਬਾਹਰ ਵੱਸਦੇ
ਮਰਦਾਂ ਦੇ ਰਹਿਮੋ-ਕਰਮ ਤੇ
ਤੇ ਹਨੇਰਿਆਂ ਵਿਚ ਤਲਾਸ਼ਦੀ ਹੈ
ਆਪਣਾ ਗੁਆਚਿਆ ਸਨਮਾਨ,
ਆਪਣੀ ਸ਼ਾਨ ਤੇ ਆਪਣੀ ਪਹਿਚਾਣ ।

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
410,ਚੰਦਰ ਨਗਰ, ਬਟਾਲਾ ।
ਮੋ:97816-46008

## ਮਾਂ ਦੀਏ ਸੋਹਣੀਏ

ਸੁਣ ਸੋਹਣੀ ਮਾਂ ਦੀਏ ਸੋਹਣੀਏ ਜਾਈਏ, ਤੈਨੂੰ ਦੇਵਾ ਸੱਚ ਸੁਣਾਹ..
ਤੇਰਾ ਸਫਰ ਬੜਾ ਹੀ ਲੰਮਾ ਹੋਣਾ ਤੇ ਆਉਣੇ ਕਈ ਪੜਾਹ..
ਪੈਰ ਪੈਰ ਤੇ ਦੁਨੀਆਂ ਨੇ ਤੈਨੂੰ ਦੇਣੇ ਕਈ-ਕਈ ਨਾਂਹ..
ਭੈੜਾ ਸਮਾਜ ਤੈਨੂੰ ਪੱਥਰ ਆਖੂ, ਪਰ ਦਿਲ ਦਾ ਟੁਕੜਾ ਆਖੂ ਮਾਂ..
ਬਾਪ ਤੈਨੂੰ ਧੀ ਧਿਆਨੀ ਆਖੂ, ਪਰ ਦੇਓ ਨਾ ਪੁੱਤ ਦੀ ਥਾਂ..
ਕੋਈ ਤੈਨੂੰ ਘਰ ਦੀ ਲੱਛਮੀ ਆਖੂ, ਪਰ ਤੂੰ ਪਰਾਇਆ ਧਨ ਵੀ ਆ..
ਪੈਰ ਪੈਰ ਤੇ ਦੁਨੀਆਂ ਨੇ ਤੈਨੂੰ ਦੇਣੇ ਕਈ ਕਈ ਨਾਂਹ..
ਕੋਈ ਤੈਨੂੰ ਫੁੱਲ ਗੁਲਾਬ ਦਾ ਆਖੂ, ਕੋਈ ਆਖੂ ਬੋਹੜ ਦੀ ਛਾਂ..
ਕੋਈ ਤੈਨੂੰ ਪੈਰ ਦੀ ਜੁੱਤੀ ਆਖੂ, ਕੋਈ ਸਮਝੂ ਕੁੱਲ ਜਹਾਨ..
ਬਾਬੇ ਨਾਨਕ ਫਿਰ ਗੱਲ ਮੁਕਾਈ ਤੇ ਦਿਤਾ ਇਹ ਫੁਰਮਾਨ..
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

**ਕੁਲਵਿੰਦਰ ਕੌਰ ਸਿੱਧੂ**

## ਲੋਕ ਤੱਥ

ਜਖਮ ਨੂੰ ਉੱਚੇੜ ਮਾੜਾ,
ਦੁੱਖਾਂ ਨੂੰ ਉੱਧੇੜ ਮਾੜਾ।
ਗਰੀਬ ਤਾਂਈ ਖਦੇੜ ਮਾੜਾ,
ਕੋਈ ਨਾ ਸਲਾਹਵਦਾ।
ਦੁੱਖੀ ਵੇਖ ਹਾਸਾ ਮਾੜਾ,
ਮਾਰਿਆ ਪਾਸਾ ਮਾੜਾ।
ਮੋਢੇ ਤੇ ਗੰਡਾਸਾ ਮਾੜਾ,
ਸੁੱਖ ਨਾ ਮਨਾਂਵਦਾ।
ਵੈਰੀ ਨੂੰ ਖਗੂੰਰਾ ਮਾੜਾ,
ਟੁੱਟਿਆ ਭਗੂੰੜਾ ਮਾੜਾ।
ਬਾਰ ਵਿੱਚ ਕੂੜਾ ਮਾੜਾ,
ਬਿਮਾਰੀਆਂ ਫੈਲਾਵਦਾ।
ਹੋਸੇਂ ਨੂੰ ਚਾਅ ਮਾੜਾ,
ਮੀਂਹ ਕਣੀ ਗਾਹ ਮਾੜਾ।
ਵੇਹਾ ਕੜਾਹ ਮਾੜਾ,
ਖਾ ਪਛਤਾਵਦਾ।
ਜੜਾਂ ਨੂੰ ਤੇਲ ਮਾੜਾ,
ਜੂਏ ਦਾ ਖੇਲ ਮਾੜਾ।
ਬਹੁਤਾ ਹੇਲ ਮੇਲ ਮਾੜਾ,
ਕਦਰ ਘਟਾਵਦਾ।
ਭਾਈਆਂ ਚ ਵਿਗਾੜ ਮਾੜਾ,
ਜੁਆਕ ਨੂੰ ਰਿਆੜ ਮਾੜਾ।
ਪਿੰਡ ਚ ਬਘਿਆੜ ਮਾੜਾ,
ਸਭ ਨੂੰ ਡਰਾਵਦਾ।
ਜੰਝ ਤਾਂਈ ਮੀਂਹ ਮਾੜਾ,
ਨਸ਼ਿ ?ਆਂ ਨੂੰ ਪੀ ਮਾੜਾ।
ਖੰਘ ਨੂੰ ਘੀ ਮਾੜਾ,
ਡਾਕਟਰ ਬੁਲਾਂਵਦਾ।
ਪੱਤੋ, ਨੂੰ ਵਹਿਮ ਮਾੜਾ,
ਦੁਸਮਣ ਕਾਇਮ ਮਾੜਾ।
ਖੁੰਝਿਆਂ ਟਾਇਮ ਮਾੜਾ,
ਵਖਤ ਗਵਾਵਦਾ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ**

## ਕੁਦਰਤ

ਜੇ ਜਗਮਗ ਦੀਵਾ ਜਗਦਾ ਨਾ
ਤਾਂ ਘੁੱਪ ਹਨੇਰੀ ਰਾਤ ਹੁੰਦੀ।
ਨਾ ਚਿੱਟਾ ਦਿਨ ਕਦੇ ਚੜ੍ਹਨਾ ਸੀ
ਨਾ ਆਥਣ ਨਾ ਪ੍ਰਭਾਤ ਹੁੰਦੀ।
ਜੇ ਗੈਸਾਂ ਰਲ਼ ਮਿਲ਼ ਬਲ਼ ਦੀਆਂ ਨਾ
ਤੇ ਇਹ ਸੂਰਜ ਨਾ ਲਾਲ ਹੁੰਦਾ।
ਨਾ ਤੇਰਾ ਫੇਰ ਵਜੂਦ ਹੁੰਦਾ ਜੇ ਉਹ ਰੱਬ ਨਾ
ਦਿਆਲ ਹੁੰਦਾ।
ਜੇ ਇਸ ਕੁਦਰਤ ਦਾ ਘੇਰਾ ਵੇ ਹਾਏ ਏਨਾ ਨਾ
ਵਿਸ਼ਾਲ ਹੁੰਦਾ।

ਆਹ ਚੰਨ ਨਾ ਧਰਤੀ ਕੋਲ ਹੁੰਦਾ,
ਨਾ ਸਾਗਰਾਂ ਦੇ ਵਿੱਚ ਜਲ ਹੁੰਦਾ।
ਨਾ ਜੀਵਨ ਦੀ ਕੋਈ ਆਸ ਹੁੰਦੀ,
ਬੱਸ ਏਥੇ ਮਾਰੂਥਲ ਹੁੰਦਾ।
ਜੇ ਧਰਤੀ ਮਾਂ ਨਾ ਝੁਕੀ ਹੁੰਦੀ
ਨਾ ਗਰਮੀ ਨਾ ਸਿਆਲ ਹੁੰਦਾ।
ਨਾ ਤੇਰਾ ਫੇਰ ਵਜੂਦ ਹੁੰਦਾ, ਜੇ ਉਹ ਰੱਬ ਨਾ
ਦਿਆਲ ਹੁੰਦਾ।
ਜੇ ਏਸ ਕੁਦਰਤ ਦਾ ਘੇਰਾ ਵੇ ਹਾਏ ਏਨਾ ਨਾ
ਵਿਸ਼ਾਲ ਹੁੰਦਾ।

ਕਦੇ ਵੇਖ ਉੱਚੇ ਪਹਾੜਾਂ ਨੂੰ,
ਜੋ ਰੋਕ ਲੈਣ ਹਵਾਵਾਂ ਨੂੰ।
ਖ਼ੁਦ ਅਪਣੇ ਉੱਤੇ ਮਾਣ ਹੋਊ,
ਰੁੱਖਾਂ ਦੀਆਂ ਸੰਘਣੀਆਂ ਛਾਵਾਂ ਨੂੰ।
ਜੇ ਜੀਵ ਜੰਤ ਹੀ ਨਾ ਹੁੰਦੇ
ਵੇ ਨਾ ਮੱਕੜੀ ਨਾ ਜਾਲ਼ ਹੁੰਦਾ।
ਨਾ ਤੇਰਾ ਫੇਰ ਵਜੂਦ ਹੁੰਦਾ, ਜੇ ਉਹ ਰੱਬ ਨਾ
ਦਿਆਲ ਹੁੰਦਾ।
ਜੇ ਏਸ ਕੁਦਰਤ ਦਾ ਘੇਰਾ ਇਹ ਕੀਤੇ ਨਾ
ਵਿਸ਼ਾਲ ਹੁੰਦਾ।


ਆਹ ਚੰਨ ਸਿਤਾਰੇ ਮਣਕੇ ਜਿਉਂ
ਕਿਸੇ ਮਾਲ਼ਾ ਵਾਂਗ ਪ੍ਰੋਏ ਨੇ।
ਬਈ ਓਸ ਦੀਆਂ ਗਹਿਰਾਈਆਂ ਦੇ
ਉਸ ਆਪ ਈ ਰਾਜ ਲਕੋਏ ਨੇ।
ਜੇ ਧੰਨਿਆਂ ਕਲਮਾਂ ਨਾ ਹੁੰਦੀਆਂ,
ਨਾ ਲਿਖਦਾ ਧਾਲੀਵਾਲ ਹੁੰਦਾ।
ਨਾ ਤੇਰਾ ਫੇਰ ਵਜੂਦ ਹੁੰਦਾ, ਜੇ ਉਹ ਰੱਬ ਨਾ
ਦਿਆਲ ਹੁੰਦਾ।
ਜੇ ਏਸ ਕੁਦਰਤ ਦਾ ਘੇਰਾ ਵੇ ਹਾਏ ਏਨਾ ਨਾ
ਵਿਸ਼ਾਲ ਹੁੰਦਾ।

**ਧੰਨਾ ਧਾਲੀਵਾਲ**




# ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ

— ਸੂਫੀ ਤਬਸੁੱਮ




ਮਾਲਵੇ ਇਲਾਕੇ ਦੇ ਇੱਕ ਕਾਲਜ ਦਾ ਡਿਗਰੀ ਵੰਡ ਸਮਾਗਮ ਸੀ । ਪ੍ਰਿੰਸਪਲ ਸਾਹਿਤਕ ਰੁਚੀ ਵਾਲੀ ਸੀ । ਉਸਨੇ ਇਸ ਸਮਾਰੋਹ ਤੇ ਮੁੱਖ ਮਹਿਮਾਨ ਵੱਜੋਂ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਨੂੰ ਸੱਦਾ ਦਿੱਤਾ ਹੋਇਆ ਸੀ । ਮਾਨ ਸਾਹਿਬ ਦੇ ਨਾਲ ਵਿਸੇਸ਼ ਮਹਿਮਾਨ ਵੱਜੋਂ ਕੈਨੇਡਾ ਦੀ ਪ੍ਰਸਿੱਧ ਪੰਜਾਬੀ ਹਸਤੀ ਇੱਕਬਾਲ ਮਾਹਲ ਸਾਹਿਬ ਨੂੰ ਬੁਲਾਇਆ ਹੋਇਆ ਸੀ । ਉਸ ਵੇਲੇ ਮਾਹਲ ਸਾਹਿਬ ਪੰਜਾਬ ਆਏ ਹੋਏ ਸਨ । ਇਹਨਾਂ ਦੋਵਾਂ ਵੱਡੀਆਂ ਹਸਤੀਆਂ ਦੇ ਨਾਲ ਪ੍ਰਿੰਸੀਪਲ ਸਾਹਿਬਾ ਨੇ ਮੈਨੂੰ ਵੀ ਸੱਦਾ ਪੱਤਰ ਭੇਜਿਆ ਸੀ ।

ਕਾਲਜ ਵਿੱਚ ਬਹੁਤ ਗਹਿਮਾ ਗਹਿਮੀ ਸੀ । ਮਾਹੌਲ ਜਾਣੋਂ ਵਿਆਹ ਵਾਲਾ ਬਣਿਆ ਹੋਇਆ ਸੀ । ਬੱਚਿਆਂ ਨੂੰ ਡਿਗਰੀ ਦਾ ਪ੍ਰਮਾਣ ਪੱਤਰ ਪ੍ਰਾਪਤ ਕਰਨ ਦਾ ਬਹੁਤ ਚਾਅ ਸੀ । ਪ੍ਰਿੰਸੀਪਲ ਸਾਹਿਬਾ ਨੇ ਸੁਆਗਤੀ ਭਾਸ਼ਣ ਤੋਂ ਬਾਅਦ ਮਾਨ ਸਾਹਿਬ ਨੂੰ ਸਟੇਜ਼ ਤੇ ਸੱਦਿਆ । ਮਾਨ ਸਾਹਿਬ ਨੇ ਗੀਤਾਂ ਦੇ ਹਵਾਲੇ ਨਾਲ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਆ । ਉਪਰੰਤ ਮਾਹਲ ਸਾਹਿਬ ਨੇ ਕੈਨੇਡਾ ਵਿੱਚ ਵੀ ਪੰਜਾਬੀ ਜ਼ੁਬਾਨ ਦੀ ਮਹੱਤਤਾ ਦਸਦਿਆਂ ਬੱਚਿਆਂ ਨੂੰ ਮਾਂ ਬੋਲੀ ਤੇ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਕਿਹਾ । ਸਮਾਰੋਹ ਦੇ ਅੰਤ ਵਿੱਚ ਸਟੇਜ ਸਕੱਤਰ ਨੇ ਮੇਰਾ ਨਾਂ ਬੋਲ ਦਿੱਤਾ । ਸਟੇਜ ਸਕੱਤਰ ਮੇਰਾ ਨੇੜੇ ਦਾ ਜਾਣੂੰ ਸੀ । ਉਸ ਨੇ ਮੇਰੀ ਭੂਮਿਕਾ ਐਡੀ ਬੰਨ੍ਹ ਦਿੱਤੀ, ਜਿਸ ਨੂੰ ਸੁਣਕੇ ਮੈਨੂੰ ਵੀ ਸੰਗ ਜਿਹੀ ਆਉਣ ਲੱਗ ਪਈ ।

ਸਟੇਜ ਸਕੱਤਰ ਨੇ ਆਖਿਆ, ਹੁਣ ਅੰਤ ਵਿੱਚ ਮੈਂ ਇੱਕ ਐਸੀ ਸ਼ਖ਼ਸੀਅਤ ਨੂੰ ਸੱਦਾ ਦਿੰਦਾ ਹਾਂ ਜੋ ਨਾ ਗਾਇੱਕ, ਨਾ ਹੀ ਗੀਤਕਾਰ । ਬੱਸ ਪੰਜਾਬੀ ਗੀਤਾਂ ਦਾ ਸ਼ੁਦਾਈ ਐ । ਜੇਕਰ ਉਸਨੂੰ ਪੰਜਾਬੀ ਗੀਤਾਂ ਦਾ ਇਨਸਾਈਕਲੋਪੀਡੀਆ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ । ਮੇਰੀ ਮੁਰਾਦ ਐ ਅਸੋਕ ਬਾਂਸਲ ਮਾਨਸਾ ।

ਸਟੇਜ ਸਕੱਤਰ ਦੀ ਇਸ ਭੂਮਿਕਾ ਨੇ ਮੈਨੂੰ ਚੱਕਰ ਵਿੱਚ ਪਾ ਦਿੱਤਾ ਕਿਉਂਕਿ ਜੋ ਸ਼ਬਦ ਉਸਨੇ ਮੇਰੇ ਲਈ ਵਰਤਿਆ,ਮੈਂ ਤਾਂ ਉਸਦੇ ਯੋਗ ਨਹੀਂ । ਚਲੋ ਖੈਰ ਮੈਂ ਤਿੰਨ ਚਾਰ ਮਿੰਟ ਆਪਣੇ ਵਿੱਤ ਮੁਤਾਬਕ ਬੱਚਿਆਂ ਨਾਲ ਗੱਲਾਂ ਕਰਕੇ ਸਟੇਜ ਤੋਂ ਉੱਤਰ ਆਇਆ ।

ਪ੍ਰੋਗਰਾਮ ਦੀ ਸਮਾਪਤੀ ਉਪਰੰਤ ਚਾਹ ਪਾਣੀ ਪਿਆਇਆ ਗਿਆ । ਕਾਲਜ ਦੇ ਸੰਗੀਤ ਵਿਭਾਗ ਦੀ ਅਧਿਆਪਕਾ ਸਾਨੂੰ ਤਿੰਨਾਂ ਨੂੰ ਆਪਣੇ ਕਮਰੇ ਵਿੱਚ ਲੈ ਗਈ । ਉਸ ਨੇ ਸਾਨੂੰ ਆਪਣੇ ਵਿਦਿਆਰਥੀਆਂ ਨਾਲ ਮਿਲਾਇਆ । ਮੈਡਮ ਸੰਗੀਤ ਦੀ ਪੀ.ਐਚ.ਡੀ. ਸੀ । ਜਾਂਦੇ ਜਾਂਦੇ ਮੈਡਮ ਨੇ ਮੈਨੂੰ ਮਲਕੜੇ ਜਿਹੇ ਇੱਕ ਸੁਆਲ ਕੀਤਾ । ਸ਼ਾਇਦ ਉਸ ਨੇ ਸੁਆਲ ਇਸ ਲਈ ਕੀਤਾ ਕਿ ਸਟੇਜ ਸਕੱਤਰ ਨੇ ਮੇਰੇ ਲਈ ਇਨਸਾਈਕਲੋਪੀਡੀਆ ਲਫਜ਼ ਵਰਤਿਆ ਸੀ । ਜਦੋਂ ਮੈਡਮ ਨੇ ਮੈਨੂੰ ਆਖਿਆ ਕਿ
"ਬਾਂਸਲ ਸਾਹਿਬ ਮੇਰਾ ਇੱਕ ਸੁਆਲ ਐ"

ਮੈਂ ਡਰ ਗਿਆ ਕਿ ਇੱਕ ਡਾਕਟਰੇਟ ਅਧਿਆਪਕਾ ਦਾ ਸੁਆਲ, ਉਹ ਵੀ ਮੈਨੂੰ । ਮੈਂ ਮਨ ਹੀ ਮਨ ਵਿੱਚ ਸਟੇਜ ਸਕੱਤਰ ਨੂੰ ਗਾਲ੍ਹਾਂ ਦੇਣ ਲੱਗ ਪਿਆ, ਵੀ ਉਸਨੇ ਜਿਹੜੀ ਫੂਕ ਮੈਨੂੰ ਸਟੇਜ ਤੇ ਦਿੱਤੀ ਉਹੀ ਮਰਵਾਊ । ਮੈਂ ਝਿਜਕਦੇ ਝਿਜਕਦੇ ਜਿਹੇ ਨੇ ਆਖਿਆ ਕਿ ਮੈਡਮ ਦੱਸੋ । ਅੱਗੋਂ ਮੈਡਮ ਨੇ ਆਖਿਆ ।

"ਬਾਂਸਲ ਸਾਹਿਬ ਸ਼ਿਵ ਕੁਮਾਰ ਬਟਾਲਵੀ ਦਾ ਇੱਕ ਗੀਤ ਜੋ ਗ਼ੁਲਾਮ ਅਲੀ ਸਾਹਿਬ ਨੇ ਗਾਇਆ ਐ । ਮੇਰੇ ਸ਼ੌਕ ਦਾ ਨਹੀ ਇਤਬਾਰ ਤੈਨੂੰ । ਇਸ ਗੀਤ ਨੂੰ ਭਾਰਤ ਦੇ ਵੀ ਕਿਸੇ ਗਾਇਕ ਨੇ ਰਿਕਾਰਡ ਕਰਵਾਇਐ"
ਮੈਂ ਅਚਨਚੇਤ ਈ ਆਖਿਆ

"ਨਹੀਂ ਮੈਡਮ ਇਹ ਸ਼ਿਵ ਦਾ ਨਹੀਂ ਇਹ ਤਾਂ ਗਾਲਿਬ ਦਾ ਐ"

ਅੱਗੋਂ ਮੈਡਮ ਦਾ ਬਹੁਤ ਵੱਡਾ ਤਰਕ ਸੀ ਕਿ "ਨਹੀਂ ਬਾਂਸਲ ਸਾਹਿਬ ਮਿਰਜ਼ਾ ਗਾਲਿਬ ਪੰਜਾਬੀ ਕਵੀ ਨਹੀਂ ਸਨ । ਉਹ ਤਾਂ ਫ਼ਾਰਸੀ ਤੇ ਉਰਦੂ ਦੇ ਕਵੀ ਸਨ । ਇਹ ਤਾਂ ਸ਼ਿਵ ਕੁਮਾਰ ਬਟਾਲਵੀ ਨੇ ਗਾਲਿਬ ਸਾਹਿਬ ਦੀ ਯਾਦ ਵਿੱਚ ਉਹਨਾਂ ਨੂੰ ਸਮਰਪਿਤ ਕੀਤਾ ਸੀ । ਇਹ ਲਿਖਿਆ ਸ਼ਿਵ ਨੇ ਹੀ ਹੈ ਪਰ ਨਾਮ ਗਾਲਿਬ ਸਾਹਿਬ ਦਾ ਪਾ ਦਿੱਤਾ"

ਇਹ ਜਾਣਦਿਆਂ ਵੀ ਕਿ ਇਹ ਗੀਤ ਸ਼ਿਵ ਦਾ ਨਹੀਂ, ਮੈਂ ਮੈਡਮ ਦੇ ਇਸ ਤਰਕ ਅੱਗੇ ਨਿਰਉੱਤਰ ਹੋ ਗਿਆ । ਸਟੇਜ ਸਕੱਤਰ ਦੁਆਰਾ ਮੈਨੂੰ ਦਿੱਤੀ ਇਨਸਾਈਕਲੋਪੀਡੀਆ ਦੀ ਉਪਾਧੀ ਇੱਕ ਮਿੰਟ ਵਿੱਚ ਢਹਿ ਢੇਰੀ ਹੋ ਗਈ ਤੇ ਮੈਂ ਢਿੱਲਾ ਜਿਹਾ ਮੂੰਹ ਕਰਕੇ ਘਰ ਆ ਗਿਆ । ਪਰ ਇਹ ਸੁਆਲ ਮੇਰੇ ਲਈ ਗੰਭੀਰ ਬਣ ਗਿਆ । ਹੌਲੀ ਹੌਲੀ ਮੈਂ ਇਸ ਦੀ ਖੋਜ ਵੱਲ ਵਧਦਾ ਰਿਹਾ । ਬੜੀ ਮੁਸ਼ੱਕਤ ਤੋਂ ਬਾਅਦ ਪਤਾ ਲੱਗਾ ਕਿ ਇਸ ਗੀਤ ਦੇ ਲੇਖਕ ਤਾਂ ਮਿਰਜਾ ਗਾਲਿਬ ਹੀ ਹਨ । ਪਰ ਮੈਡਮ ਦਾ ਤਰਕ ਵੀ ਬਿਲਕੁਲ ਸਹੀ ਕਿ ਗ਼ਾਲਿਬ ਸਾਹਿਬ ਤਾਂ ਪੰਜਾਬੀ ਲਿਖਦੇ ਹੀ ਨਹੀਂ ਸਨ । ਜਦੋਂ ਕਿ ਇਹ ਗੀਤ ਤਾਂ ਪੂਰਨ ਪੰਜਾਬੀ ਹੈ । ਖੋਜ ਪਾਕਿਸਤਾਨ ਵਿੱਚ ਬਣੇ ਗੁਲਾਮ ਅਲੀ ਦੇ ਰਿਕਾਰਡਾਂ ਤੱਕ ਆ ਗਈ ।

ਆਖਰ ਕੋਲੰਬੀਆ ਈ.ਐਮ.ਆਈ. ਕਰਾਚੀ ਦਾ ਬਣਿਆ ਗੁਲਾਮ ਅਲੀ ਦਾ ਰਿਕਾਰਡ ਮਿਲ ਹੀ ਗਿਆ । ਜਿਸ ਉੱਪਰ ਇਸ ਗੀਤ ਦੇ ਗੀਤਕਾਰ ਵੱਜੋਂ ਸੂਫੀ ਗ਼ੁਲਾਮ ਮੁਸਤਫ਼ਾ ਤਬਸੁੱਮ ਦਾ ਨਾਮ ਦਰਜ ਹੈ । ਸੁਆਲ ਉਲਝਦਾ ਗਿਆ ।

ਆਖਰ ਮੈਂ ਇਸ ਨਤੀਜੇ ਤੇ ਪੁੱਜਾ ਕਿ ਇਹ ਮਿਰਜ਼ਾ ਗਾਲਿਬ ਦੀ ਹੀ ਫਾਰਸੀ ਜ਼ੁਬਾਨ ਵਿੱਚ ਲਿਖੀ ਹੋਈ ਗਜ਼ਲ ਐ । ਜਿਸ ਦਾ ਗੌਰਮਿੰਟ ਕਾਲਿਜ ਲਾਹੌਰ ਦੇ ਫਾਰਸੀ ਸਟੱਡੀਜ਼ ਵਿਭਾਗ ਦੇ ਮੁਖੀ ਪ੍ਰੋਫੈਸਰ ਗ਼ੁਲਾਮ ਮੁਸਤਫ਼ਾ ਤਬੱਸੁਮ ਨੇ ਪੰਜਾਬੀ ਅਤੇ ਉਰਦੂ ਜ਼ੁਬਾਨ ਵਿੱਚ ਅਨੁਵਾਦ ਕੀਤਾ ਹੈ । ਉਸ ਵਿੱਚ ਨਾਮ ਗ਼ਾਲਿਬ ਦਾ ਹੀ ਰੱਖਿਆ ਹੈ ।

ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ ਆਜਾ ਵੇਖ ਮੇਰਾ ਇੰਤਜ਼ਾਰ ਆ ਜਾ।
ਐਵੇਂ ਲੜਨ ਬਹਾਨੜੇ ਲੱਭਣਾ ਏਂ ਕੀ ਤੂੰ ਸੋਚਣਾ ਏਂ ਸਿਤਮਗਾਰ ਆ ਜਾ।
ਭਾਵੇਂ ਹਿਜ਼ਰ ਤੇ ਭਾਵੇਂ ਵਿਸਾਲ ਹੋਵੇ ਵੱਖੋ ਵੱਖ ਦੋਵਾਂ ਦੀਆਂ ਲੱਜ਼ਤਾਂ ਨੇ,
ਮੇਰੇ ਸੋਹਣਿਆ ਜਾਹ ਹਜ਼ਾਰ ਵਾਰੀ ਆ ਜਾ ਪਿਆਰ ਅਤੇ ਲੱਖਵਾਰ ਆ ਜਾ।
ਇਹ ਰਿਵਾਜ਼ ਏ ਮਸਜਿਦਾਂ ਮੰਦਿਰਾਂ ਦਾ, ਉੱਥੇ ਹਸਤੀਆਂ ਤੇ ਖੁਦਪ੍ਰਸਤੀਆਂ ਨੇ।
ਮੈਖ਼ਾਨੇ ਵਿੱਚ ਮਸਤੀਆਂ ਈ ਮਸਤੀਆਂ ਨੇ ਹੋਸ਼ ਕਰ ਬਣ ਕੇ ਹੁਸ਼ਿਆਰ ਆ ਜਾ।
ਤੂੰ ਸਾਡਾ ਤੇਰਾ ਦਿਲ ਸਾਡਾ,ਤੈਨੂੰ ਐਂਵੇ ਰਕੀਬ ਕੁਰਾਹ ਪਾਇਆ
ਜੇ ਤੂੰ ਮੇਰੇ ਜਨਾਜ਼ੇ ਤੇ ਨਹੀਂ ਆਇਆ ਰਾਹ ਤੱਕਦੈ ਤੇਰੀ ਮਜ਼ਾਰ ਆ ਜਾ।
ਸੁੱਖੀ ਵੱਸਣੈਂ ਜੇ ਤੂੰ ਚਾਹੁਣਾਂ ਏਂ ਮੇਰੇ 'ਗਾਲਿਬਾ' ਏਸ ਜਹਾਨ ਅੰਦਰ
ਆਜਾ ਰਿੰਦਾ ਦੀ ਬਜ਼ਮ ਵਿੱਚ ਆ ਬਹਿ ਜਾ ਇੱਥੇ ਬੈਠਦੇ ਨੇ ਖਾਕਸਾਰ ਆ ਜਾ।

ਸਿਤਮਗਾਰ (ਦਰਦ ਦੇਣ ਵਾਲਾ), ਹਿਜ਼ਰ (ਵਿਛੋੜਾ) ਵਿਸਾਲ (ਮਿਲਾਪ), ਹਸਤੀਆਂ (ਹੈਸੀਅਤ, ਤਾਕਤ), ਮੈਖ਼ਾਨਾ (ਸ਼ਰਾਬ ਪੀਣ ਦਾ ਟਿਕਾਣਾ) ਰਕੀਬ (ਦੁਸ਼ਮਣ), ਜਨਾਜ਼ਾ (ਅਰਥੀ), ਮਜ਼ਾਰ (ਕਬਰ)ਰਿੰਦ (ਜੋ ਧਰਮ ਕਰਮ ਦਾ ਪਾਬੰਦ ਨਹੀਂ)ਬਜ਼ਮ (ਕਵੀਆਂ ਦੀ ਸਭਾ) ਖਾਕਸਾਰ (ਨਿਰਧਨ)




1973 ਵਿੱਚ ਗੁਲਾਮ ਅਲੀ ਨੇ ਇਸਨੂੰ ਕਰਾਚੀ ਦੀ ਕੋਲੰਬੀਆ ਕੰਪਨੀ ਵਿੱਚ ਰਿਕਾਰਡ ਕਰਵਾਇਆ. ਸੰਗੀਤ ਖੁਦ ਗੁਲਾਮ ਅਲੀ ਦਾ ਹੀ ਹੈ ।

ਰਿਕਾਰਡ ਦਾ ਲੜੀ ਨੰਬਰ ਹੈ EKCC 20017 ਚੇਤੇ ਰਹੇ ਕਿ ਇਹ ਬਹੁਤ ਮਕਬੂਲ ਹੋਇਆ । ਇਸਦੀ ਮਕਬੂਲੀਅਤ ਦਾ ਫਾਇਦਾ ਉਠਾਉਂਦੇ ਹੋਏ ਫਿਲਮ ਨਿਰਦੇਸ਼ਕ ਸ਼ਰੀਫ ਨਈਅਰ ਨੇ ਆਪਣੀ ਉਰਦੂ ਫਿਲਮ "ਏਕ ਥੀ ਲੜਕੀ" ਵਿੱਚ ਇਸ ਨੂੰ ਇੰਨ ਬਿੰਨ ਸ਼ਾਮਿਲ ਕਰ ਲਿਆ ।

ਇਸ ਤੋਂ ਬਾਅਦ 1976 ਵਿੱਚ ਤਬਸੁੱਮ ਸਾਹਿਬ ਦੀਆਂ ਹੀ ਲਿਖੀਆਂ ਦੋ ਹੋਰ ਰਚਨਾਵਾਂ ਗ਼ੁਲਾਮ ਅਲੀ ਨੇ ਇੱਕੋ ਹੀ ਰਿਕਾਰਡ ਤੇ ਰਿਕਾਰਡ ਕਰਵਾਈਆਂ । ਉਹਨਾਂ ਵਿੱਚੋਂ ਇੱਕ ਪਾਸੇ

ਸਾਡੇ ਇਸ਼ਕ ਦੇ ਚਮਕਦੇ ਲੇਖਾਂ ਤੇ ਡਾਹਢੇ ਗ਼ਮ
ਦੀਆਂ ਸਿਆਹੀਆਂ ਡੁੱਲ੍ਹ ਗਈਆਂ
ਜਿਹੜੀਆਂ ਹੁਸਨ ਤੇਰੇ ਚਮਕਾਈਆਂ ਸਨ ਉਹ
ਚਾਨਣੀਆਂ ਰਾਤਾਂ ਰੁਲ ਗਈਆਂ
ਏਸ ਇਸ਼ਕ ਨਿਮਾਣੇ ਦੇ ਧਾਗੇ ਦੀਆਂ
ਕੁੱਝ ਐਸੀਆਂ ਅਵੱਲੜੀਆਂ ਗੁੰਝਲਾਂ ਸਨ
ਕੁੱਝ ਖ੍ਹੋਲਦੇ ਖ੍ਹੋਲਦੇ ਹੋਰ ਪਈਆਂ ਕੁੱਝ ਪੈਂਦੀਆਂ
ਪੈਂਦੀਆਂ ਖੁੱਲ੍ਹ ਗਈਆਂ
ਗੱਲਾਂ ਮਿੱਠੀਆਂ ਮਿੱਠੀਆਂ ਪਿਆਰ ਦੀਆਂ ਜਿਹੜੀਆਂ ਦੋਹਾਂ ਨੇ ਬੈਠ ਕੇ ਕੀਤੀਆਂ ਸਨ।
ਜਿਹੜੀਆਂ ਨਾਲ ਅਸਾਡੜੇ ਬੀਤੀਆਂ ਸਨ ਸਾਨੂੰ ਯਾਦ ਰਹੀਆਂ ਤੁਹਾਨੂੰ ਭੁੱਲ ਗਈਆਂ।
ਸਾਥੋਂ ਤੇਰੀ ਮੁਹੱਬਤ ਦੀਆਂ ਯਾਦਾਂ ਨੂੰ, ਇਸ ਜੱਗ ਦਿਆਂ ਦੁਖੜਿਆਂ ਖੋਹ ਲਿਤਾ ।
ਇਹ ਯਾਦਾਂ ਤੇਰੀਆਂ ਨੇਅਮਤਾਂ ਸਨ, ਕਿਹੜੇ ਮੁੱਲ ਆਈਆਂ? ਕਿਹੜੇ ਮੁੱਲ ਗਈਆਂ?
ਕੀ ਦੁੱਖੜੇ ਫੋਲਣਾ ਏਂ ਸੱਜਣਾ ਓਏ, ਕਦਮ ਰੱਖਕੇ ਇਸ਼ਕ ਮੈਦਾਨ ਦੇ ਵਿੱਚ ਤੂੰ।
ਇੱਕ ਜਵਾਨੀ ਨੂੰ ਰੋਂਵਦਾ ਏਂ, ਇੱਥੇ ਕਈ ਜਵਾਨੀਆਂ ਰੁਲ ਗਈਆਂ

ਇਸੇ ਰਿਕਾਰਡ ਦੇ ਦੂਸਰੇ ਪਾਸੇ ਤਬਸੁੱਮ ਸਾਹਿਬ ਦੀ ਇੱਕ ਹੋਰ ਰਚਨਾ ਗੁਲਾਮ ਅਲੀ ਦੀ ਆਵਾਜ਼ ਵਿੱਚ ਰਿਕਾਰਡ ਹੋਈ

ਕਿਹੜੇ ਦੇਸ ਵਸੇ ਨਗਰੀ ਯਾਰ ਵਾਲੀ ਨਜ਼ਰ ਆਉਂਦੀ ਏ, ਨੇੜੇ ਢੁੱਕਦੀ ਨਹੀਂ
ਨਾਲ ਪੈਂਡਿਆਂ ਫਾਸਲੇ ਵਧਦੇ ਨੇ, ਅਸੀਂ ਮੁੱਕ ਚੱਲੇ, ਮੰਜ਼ਿਲ ਮੁੱਕਦੀ ਨਹੀਂ
ਇਸ ਗੱਲ ਨੂੰ ਮੁੱਦਤਾਂ ਬੀਤ ਗਈਆਂ ਦੁਆਰੇ ਯਾਰ ਦੇ ਸੀਸ ਨਿਵਾਇਆ ਸੀ।
ਕਈ ਹਰਮ ਆਏ, ਕਈ ਸਨਮ ਆਏ ਅਜੇ ਤੀਕ ਕਿਤੇ ਗਰਦਨ ਝੁੱਕਦੀ ਨਹੀਂ
ਇਹ ਕਹਾਣੀ ਅਵੱਲੜੀ ਇਸ਼ਕ ਵਾਲੀ ਕੋਈ ਕੀ ਪੁੱਛੇ, ਕੋਈ ਕੀ ਦੱਸੇ
ਅਸੀਂ ਚੁੱਪ ਸਾਂ ਕਿ ਯਾਰ ਪੁੱਛਦੇ ਸਨ ਅਸੀਂ ਸ਼ੁਰੂ ਕੀਤੀ, ਹੁਣ ਮੁੱਕਦੀ ਨਹੀਂ
ਘੁੰਡ ਚੁੱਕ ਕੇ ਬੱਦਲਾਂ ਕਾਲਿਆਂ ਦੇ ਆਪੇ ਬਿਜਲੀ ਸੈਨਤਾਂ ਮਾਰਦੀ ਏ।
ਭਾਵੇਂ ਲੁਕਾਣ ਲੁਕਾਵਣ ਵਾਲੇ ਸੋਹਣੀ ਸ਼ਕਲ ਲੁਕਾਇਆਂ ਲੁਕਦੀ ਨਹੀਂ
ਦੂਰ ਦੂਰ ਤੋਂ ਵੀ ਕਿਤੇ ਲੱਭਦਾ ਨਹੀਂ ਕੋਈ ਨਾਮ ਨਿਸ਼ਾਨ ਸਵੇਰਿਆਂ ਦਾ
ਚੰਨ ਤੱਕਦਾ ਤੱਕਦਾ ਲੰਘ ਗਿਆ ਤਾਰੇ ਸੌਂ ਗਏ ਨੇ, ਰਾਤ ਮੁੱਕਦੀ ਨਹੀਂ

ਕੰਪਨੀ - ਕੋਲੰਬੀਆ ਕਰਾਚੀ ਪਾਕਿਸਤਾਨ ਰਿਕਾਰਡ ਦਾ ਲੜੀ ਨੰਬਰ- EKCC 20061
ਗੀਤਕਾਰ - ਸੂਫੀ ਤਬਸੁੱਮ / ਗਾਇੱਕ - ਗੁਲਾਮ ਅਲੀ ਸੰਗੀਤ - ਗੁਲਾਮ ਅਲੀ / ਜਾਰੀ ਕਰਨ ਦਾ ਸਮਾਂ -1976
1969 ਵਿੱਚ ਨਿਰਮਾਤਾ ਮਲਿਕ ਜ਼ੁਲਫਕਾਰ ਦੀ ਫਿਲਮ ਪੱਥਰ ਤੇ ਲੀਕ ਵਿੱਚ ਸੰਗੀਤਕਾਰ ਤੂਫੈਲ ਫਾਰੂਕੀ ਦੇ ਸੰਗੀਤ ਵਿੱਚ ਰਿਕਾਰਡ ਹੋਇਆ ਨੂਰਜਹਾਂ ਅਤੇ ਅਤੇ ਨਜ਼ੀਰ ਬੇਗਮ ਦੀਆਂ ਆਵਾਜ਼ਾਂ ਵਿੱਚ ਸੂਫ਼ੀ ਤਬਸੁੱਮ ਦਾ ਗੀਤ
ਕਿਸੇ ਨਾਲ ਨਾ ਅੱਖੀਆਂ ਮਿਲਾਵੇ, ਜਵਾਨੀ ਸਾਡੀ ਆਪ ਖੇਡਦੀ ਕੋਈ ਆਵੇ, ਕੋਈ ਲੰਘ ਜਾਵੇ, ਜਵਾਨੀ ਸਾਡੀ ਆਪ ਖੇਡਦੀ

ਦਿਨ ਚੜ੍ਹਿਆ, ਪੰਛੀ ਜਾਗ ਪਏ, ਸਾਡੇ ਸੱਧਰਾਂ ਦੇ ਗਾਉਂਦੇ ਰਾਗ ਪਏ
ਕੋਇਲ ਸੁਣ ਕੇ ਪਈ ਲਲਚਾਵੇ, ਜਵਾਨੀ ਸਾਡੀ ਆਪ ਖੇਡਦੀ
ਨੱਚ ਨੱਚ ਕੇ ਹਵਾਵਾਂ ਆਉਂਦੀਆਂ ਨੇ, ਗੋਰੇ ਮੁੱਖੜੇ ਤੇ ਘੁੰਡ ਪਈਆਂ ਪਾਉਂਦੀਆਂ ਨੇ
ਗੋਰੀ ਘੁੰਡ ਵਿੱਚ ਪਈ ਸ਼ਰਮਾਵੇ, ਜਵਾਨੀ ਸਾਡੀ ਆਪ ਖੇਡਦੀ
ਅੱਜ ਗੱਲ ਕੋਈ ਹੋਰ ਨਾ ਜਾਪਦੀ ਏ, ਰਹੀ ਹੋਸ਼ ਨਾ ਆਪਣੇ ਆਪ ਦੀ ਏ
ਹੁਣ ਗੁੱਡੀਆਂ ਕੌਣ ਖਿਡਾਵੇ, ਜਵਾਨੀ ਸਾਡੀ ਆਪ ਖੇਡਦੀ
ਕੋਈ ਆਵੇ ਤੇ ਕੋਈ ਲੰਘ ਜਾਵੇ, ਜਵਾਨੀ ਸਾਡੀ ਆਪ ਖੇਡਦੀ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5213 ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ ਗੀਤਕਾਰ - ਸੂਫੀ ਤਬਸੁੱਮ / ਸੰਗੀਤ - ਤੂਫੈਲ ਫਾਰੂਕੀ ਆਵਾਜ਼ਾਂ - ਨੂਰਜਹਾਂ ਤੇ ਨਜ਼ੀਰ ਬੇਗਮ

ਗੱਲ ਸੂਫੀ ਗੁਲਾਮ ਮੁਸਤਫ਼ਾ ਤਬਸੁੱਮ ਦੀ

ਗ਼ੁਲਾਮ ਮੁਸਤਫ਼ਾ ਦੇ ਵੱਡ ਵਡੇਰੇ ਕਿਸੇ ਵੇਲੇ ਕਸ਼ਮੀਰ ਤੋਂ ਆਕੇ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਵਿੱਚ ਆਬਾਦ ਹੋ ਗਏ ਸਨ । ਸੂਫੀ ਗੁਲਾਮ ਮੁਸਤਫ਼ਾ ਦਾ ਜਨਮ ਪਿਤਾ ਸੂਫੀ ਗੁਲਾਮ ਰਸੂਲ ਦੇ ਘਰ, ਮਾਤਾ ਫ਼ਾਤਮਾ ਦੀ ਕੁੱਖੋਂ 4 ਅਗਸਤ 1899 ਨੂੰ ਅੰਮ੍ਰਿਤਸਰ ਵਿੱਚ ਹੋਇਆ । ਗੁਲਾਮ ਮੁਸਤਫ਼ਾ ਚਾਰ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡਾ ਸੀ । ਗੁਲਾਮ ਮੁਸਤਫ਼ਾ ਨੇ ਚਰਚ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਤੋਂ ਮੈਟ੍ਰਿਕ ਕੀਤੀ । ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ.ਏ. ਕੀਤੀ । ਇਸੇ ਦੌਰਾਨ ਗੁਲਾਮ ਮੁਸਤਫ਼ਾ ਦਾ ਝੁਕਾਓ ਸ਼ਾਇਰੀ ਵੱਲ ਹੋ ਗਿਆ ਤੇ ਆਪਣੇ ਨਾਮ ਦੇ ਨਾਲ ਉਸ ਨੇ 'ਤਬਸੁੱਮ' ਤਖੱਲਸ ਜੋੜ ਲਿਆ । 'ਤਬਸੁੱਮ' ਦਾ ਅਰਥ ਐ ਮੁਸਕਾਨ ਭਾਵ ਮੁਸਕਰਾਉਂਦਾ ਚਿਹਰਾ । ਇਸ ਤਰ੍ਹਾਂ ਉਹ ਸੂਫੀ ਗੁਲਾਮ ਮੁਸਤਫ਼ਾ ਤਬਸੁੱਮ ਬਣ ਗਿਆ । ਜੋ ਸੂਫੀ ਤਬਸੁੱਮ ਵਜੋਂ ਪ੍ਰਸਿੱਧ ਹੋਇਆ । ਸੂਫੀ ਤਬਸੁੱਮ ਨੂੰ ਫਾਰਸੀ ਜ਼ੁਬਾਨ ਨਾਲ ਲਗਾਓ ਹੋ ਗਿਆ । ਉਸਨੇ ਫੋਰਮੈਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਬੀ.ਏ. ਆਨਰਜ਼ ਫ਼ਾਰਸੀ ਤੇ । ਇਸਲਾਮੀਆ ਕਾਲਿਜ ਲਾਹੌਰ ਤੋਂ ਐਮ.ਏ. ਫਾਰਸੀ ਕੀਤੀ । ਉਪਰੰਤ ਗੋਰਮਿੰਟ ਕਾਲਜ ਲਾਹੌਰ ਵਿੱਚ ਹੀ ਅਧਿਆਪਕ ਵੱਜੋਂ ਸੇਵਾ ਕੀਤੀ । 1943 ਵਿੱਚ ਸੂਫੀ ਤਬਸੁੱਮ ਫ਼ਾਰਸੀ ਵਿਭਾਗ ਦੇ ਮੁਖੀ ਬਣੇ ਜਿੱਥੋਂ 1954 ਵਿੱਚ ਸੇਵਾ ਮੁਕਤ ਹੋਏ।

ਸੂਫੀ ਤਬਸੁੱਮ ਦੀਆਂ 31 ਦੇ ਕਰੀਬ ਕਿਤਾਬਾਂ ਪ੍ਰਕਾਸ਼ਿਤ ਹੋਈਆਂ । ਉਹਨਾਂ ਦੀ ਪਹਿਲੀ ਪੁਸਤਕ 'ਅੰਜੁਮਨ' 1961 ਵਿੱਚ ਲਾਹੌਰ ਦੇ ਪਬਲਿਸ਼ਰ ਰਸ਼ੀਦ ਅਹਿਮਦ ਚੌਧਰੀ ਨੇ ਛਾਪੀ ਸੀ । ਉਹਨਾਂ ਨੇ ਹਜ਼ਰਤ ਅਮੀਰ ਖੁਸਰੋ ਦੀਆਂ ਸੌ ਗ਼ਜ਼ਲਾਂ ਦਾ ਤਰਜ਼ਮਾ ਉਰਦੂ ਵਿੱਚ ਕੀਤਾ, ਜੋ ਦੋਗੁਣਾ ਟਾਈਟਲ ਨਾਲ ਰਾਣਾ ਪ੍ਰਿੰਟਿੰਗ ਪ੍ਰੈਸ ਲਾਹੌਰ ਨੇ ਛਾਪਿਆ । ਮਿਰਜ਼ਾ ਗ਼ਾਲਿਬ ਦਾ ਉਰਦੂ ਤੇ ਪੰਜਾਬੀ ਵਿੱਚ ਵੀ ਤਰਜ਼ਮਾ ਕੀਤਾ । ਬਾਲ ਸਾਹਿਤ ਵੀ ਲਿਖਿਆ । ਝੁਲੇਨ, ਟੋਟ ਬਟੋਟ ਤੇ ਟੋਲ ਮਟੋਲ ਸੂਫੀ ਤਬਸੁੱਮ ਦੀਆਂ ਪ੍ਰਸਿੱਧ ਪੁਸਤਕਾਂ ਹਨ । ਪਰ ਮੇਰਾ ਵਿਸ਼ਾ ਸਿਰਫ਼ ਪੰਜਾਬੀ ਹੀ ਹੈ । ਇਸ ਲਈ ਮੈਂ ਇਸ ਲੇਖ ਦਾ ਆਧਾਰ ਉਹਨਾਂ ਦੀ ਪ੍ਰਸਿੱਧ ਪੰਜਾਬੀ ਪੁਸਤਕ "ਨਜ਼ਰਾਂ ਕਰਦੀਆਂ ਗੱਲਾਂ" ਅਤੇ "ਸਾਵਣ ਰੈਣਾ ਦਾ ਸੁਫਨਾ" ਤੇ ਹੀ ਰੱਖਿਆ ਹੈ । ਚੇਤੇ ਰਹੇ ਕਿ "ਨਜ਼ਰਾਂ ਕਰਦੀਆਂ ਗੱਲਾਂ' ਵਿੱਚੋਂ ਹੀ ਗੁਲਾਮ ਅਲੀ ਖਾਨ, ਮਹਿੰਦੀ ਹਸਨ ਸਮੇਤ ਕਾਫ਼ੀ ਕਲਾਕਾਰਾਂ ਨੇ ਸੂਫੀ ਸਾਹਿਬ ਦਾ ਕਲਾਮ ਗਾਇਆ ।

facebook

ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਮੁਫਤੋਂ ਮੁਫਤੀ ਲਵੋ ਆਨੰਦ

"ਮਾਸੜ ਜੀ ਇਸ ਦਾ ਕੋਈ ਖਰਚਾ ਨਹੀਂ। ਇੱਕ ਵਾਰ ਚਾਰਜ਼ ਕੀਤੀ ਦਿੱਲੀ ਤੱਕ ਪਾਹੁੰਚ ਜਾਂਦੀ ਹੈ। ਘਰੇ ਵੀ ਚਾਰਜ ਹੋ ਜਾਂਦੀ ਹੈ। ਆਪਣੇ ਤਾਂ ਘਰੇ ਵੀ ਸੋਲਰ ਲੱਗਿਆ ਹੈ। ਬਿਜਲੀ ਵੀ ਮੁਫ਼ਤ ਦੀ ਹੈ।" ਉਹ ਆਪਣੀ ਨਵੀਂ ਲਿਆਂਦੀ ਇਲੈਕਟ੍ਰਿਕ ਕਾਰ ਬਾਰੇ ਦੱਸ ਰਿਹਾ ਸੀ। ਉਂਜ ਉਹ ਮੈਨੂੰ ਅੰਕਲ ਹੀ ਆਖਦਾ ਹੈ ਪ੍ਰੰਤੂ ਬਾਹਲੀ ਖੁਸ਼ੀ ਵੇਲੇ ਉਹ ਮਾਸੜ ਸ਼ਬਦ ਵਰਤਦਾ ਹੈ। ਅੱਜ ਤਾਂ ਉਹ ਆਪਣੀ ਇਸ ਵੀਹ ਲੱਖ ਚ ਖਰੀਦੀ ਨਵੀ ਕਾਰ ਦੀ ਵਧਾਈ ਦੇਣ ਆਇਆ ਸੀ। ਗੱਲ ਉਸਦੀ ਸਹੀ ਸੀ। ਪ੍ਰੰਤੂ ਪੈਟਰੋਲ ਵਾਲੀ ਵੀ ਅਸੀਂ ਉੰਨੀ ਹੀ ਚਲਾਉਂਦੇ ਹਾਂ ਜਿੰਨੀ ਲੋੜ ਹੁੰਦੀ ਹੈ। ਪੈਟਰੋਲ ਦੇ ਰੇਟ ਵੱਧਣ ਤੇ ਵੀ ਕਦੇ ਪਰਿਵਾਰ ਪੱਖਾਂ ਵੀ ਬੰਦ ਕਰ ਦਿੰਦੇ ਸਨ। ਸੋਲਰ ਅਤੇ ਛੇ ਸੌ ਯੂਨਿਟ ਨਾਲ ਬਿਜਲੀ ਦੀ ਖਪਤ ਤੇ ਫਰਕ ਪਿਆ ਹੈ। ਕਹਿੰਦੇ ਕਿਸਾਨਾਂ ਨੂੰ ਟਿਊਬਵੈਲ ਵਾਲੀ ਬਿਜਲੀ ਫ੍ਰੀ ਹੈ। ਫਿਰ ਟਿਊਬਵੈਲ ਵੀ ਓਦੋਂ ਬੰਦ ਹੁੰਦਾ ਹੈ ਜਦੋਂ ਬਿਜਲੀ ਬੰਦ ਹੋਵੇ। ਚਾਹੇ ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਪਰ ਅਸੀਂ ਪਾਣੀ ਦੀ ਕਿਰਸ ਨਹੀਂ ਕਰਦੇ ਇਹ ਮੁਫ਼ਤ ਜੋ ਹੋਇਆ।
ਸਰਕਾਰੀ ਮਿਲੇ ਤੇਲ ਨੂੰ ਲੋਕ ਜੁੱਤੀਆਂ ਚ ਪਵਾ ਲੈਂਦੇ ਹਨ। ਅਸੀਂ ਉਹ ਲੋਕ ਹਾਂ ਜਿਹੜੇ ਭੰਡਾਰਾ/ਲੰਗਰ ਛੱਕਕੇ ਵੀ ਆਪਣੇ ਨਾਲ ਟਿਫ਼ਨ ਲਿਫ਼ਾਫ਼ਾ ਭਰਵਾ ਲੈਂਦੇ ਹਾਂ। ਕਿਉਂਕਿ ਇਹ ਮੁਫ਼ਤ ਦਾ ਹੁੰਦਾ ਹੈ।
ਫਿਰ ਬਿਨਾਂ ਲਾਗਤ ਦੇ ਚੱਲਣ ਵਾਰੀ ਕਾਰ ਨੂੰ ਬੇਲੋੜਾ




ਕਿਰਸ ਨਹੀਂ ਕੀਤੀ। ਹੁਣ ਤਾਂ ਰਨਿੰਗ ਕੋਸਟ ਜ਼ੀਰੋ ਹੈ ਫਿਰ ਅਸੀਂ ਰੁਕਣਾ ਹੀ ਕਿਉਂ ? ਲੋੜਾ ਤੇ ਬੇਲੋੜਾ ਵਰਤਣੀ ਹੀ ਹਾਊ।
ਮੇਰੇ ਯਾਦ ਹੈ ਜਦੋਂ ਮੋਬਾਇਲ ਫੋਨ ਆਏ ਤਾਂ ਹਰ ਗਲਬਾਤ ਪਿੱਛੋਂ ਫੋਨ ਗੱਲਬਾਤ ਦੀ ਲਾਗਤ ਦੱਸਦਾ ਤੇ ਬਾਕੀ ਬੈਲੈਂਸ ਵੀ। ਅਸੀਂ ਲੰਮੀ ਗਲਬਾਤ ਤੋਂ ਗੁਰੇਜ਼ ਕਰਦੇ। ਕਿਉਂਕਿ ਲੰਮੀ ਗੱਲਬਾਤ ਦੇ ਵੱਧ ਪੈਸੇ ਲਗਦੇ ਸਨ। ਹੁਣ ਜਦੋਂ ਦਾ ਟਾਕ ਟਾਈਮ ਫ੍ਰੀ ਹੋਇਆ ਹੈ। ਫੋਨ ਇੰਟਰਨੈੱਟ ਤੇ ਚਲਦੇ ਹਨ ਫੋਨਾਂ ਤੇ ਲੰਮੀਆਂ ਵਾਰਤਾ ਚਲਦੀਆਂ ਹਨ। ਟਾਈਮ ਦੀ ਕੋਈ ਪਰਵਾਹ ਨਹੀਂ ਕਰਦਾ। ਅਸੀਂ ਡੋਰ ਬੈੱਲ ਵਜਾਉਣ ਦੀ ਬਜਾਇ ਫੋਨ ਤੇ ਘੰਟੀ ਮਾਰਦੇ ਹਾਂ। ਕਿਉਂਕਿ ਇਹ ਮੁਫ਼ਤ ਹੈ। ਮੁਫ਼ਤ ਦੀ ਵਸਤੂ ਦੀ ਦੁਵਰਤੋਂ ਹੋਣਾ ਕੋਈ ਖਾਸ ਗੱਲ ਨਹੀਂ। ਲੋਕ ਘਰਾਂ ਵਿੱਚ ਸੋਲਰ ਲਗਵਾਉਂਦੇ ਹਨ ਫਿਰ ਏਸੀ ਸਾਰੀ ਰਾਤ ਚਲਦੇ ਹਨ ਭਾਵੇਂ ਉਪਰ ਕੰਬਲ ਹੀ ਕਿਉਂ ਨਾ ਲੈਣਾ ਪਵੇ। ਪਹਿਲਾਂ ਕਮਰਾ ਠੰਡਾ ਹੋਣ ਤੇ ਸਿਆਣੇ ਚਲਾਉਣ ਤੋਂ ਅਸੀਂ ਗੁਰੇਜ਼ ਕਿਉਂ ਕਰਾਂਗੇ। ਮੁਫ਼ਤ ਦਾ ਫੋਨ ਕਰਨ ਦੀ ਬਜਾਇ ਮੁਫ਼ਤ ਵਾਲੀ ਕਾਰ ਤੇ ਜਾਣ ਨੂੰ ਤਰਜੀਹ ਦੇਵਾਂਗੇ। ਊਂ ਗੱਲ ਇਹ ਚੰਗੀ ਵੀ ਹੈ ਕਿਉਂਕਿ ਤੇਲ ਖਰੀਦਣ ਦੇ ਮਸਲੇ ਤੇ ਅਸੀਂ ਟਰੰਪ ਦੇ ਨਿਸ਼ਾਨੇ ਤੇ ਹਾਂ।ਜਦੋਂ ਪੈਟਰੋਲ ਦੀ ਲਾਗਤ ਘਟੇਗੀ ਤਾਂ ਟਰੰਪ ਵੀ ਤੰਗ ਨਹੀਂ ਕਰੇਗਾ। ਫਿਰ ਮੈਨੂੰ ਉਸਦੀ ਇਲੈਕਟ੍ਰਿਕ ਕਾਰ ਦਾ ਪ੍ਰੋਜੈਕਟ ਚੰਗਾ ਲੱਗਿਆ ਤੇ ਮੈਂ ਉਸਦਾ ਲਿਆਂਦਾ ਗਜਰੇਲੇ ਵਾਲਾ ਡਿੱਬਾ ਫੜ੍ਹ ਲਿਆ। ਕਿਉਂਕਿ ਮੇਰੇ ਲਈ ਤਾਂ ਇਹ ਵੀ ਮੁਫ਼ਤ ਦਾ ਹੀ ਸੀ ਭਾਵੇਂ ਮੁਫ਼ਤ ਦਾ ਗਜਰੇਲਾ ਖਾਕੇ ਸ਼ੂਗਰ ਲੈਵਲ ਵੱਧਜੇ।
ਊਂ ਗੱਲ ਆ ਇੱਕ।



**ਰਮੇਸ਼ ਸੇਠੀ ਬਾਦਲ**
9876627233

# ਉਹ ਵੇਲਾ ਯਾਦ ਕਰ



ਡਾ. ਬਲਵਿੰਦਰ ਕੌਰ ਬਰਾੜ
403 590 9629



# ਜਵਾਨ ਪੀੜ੍ਹੀ ਵਿਆਹ ਨੂੰ ਫ਼ਜ਼ੂਲ ਦਾ ਝੰਜਟ ਜਾਣਦੀ ਹੈ।

**ਸਾਰੇ ਜੱਗ ਦੀ ਜਿਸ ਕੋਲ਼ ਸ਼ਿਕਾਇਤ ਕੀਤੀ**
**ਕਿਹੜੇ ਮੂੰਹ ਉਹਦੀ ਕਿਤੇ ਸ਼ਿਕਾਇਤ ਕਰੀਏ।**
**--ਪਾਸ਼**

ਹਰ ਦੂਜੇ ਜਾਂ ਤੀਜੇ ਘਰ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਜਦੋਂ ਤਲਾਕ ਤੱਕ ਅੱਪੜੇ ਦੇਖਦੇ ਹਾਂ ਤਾਂ ਸੀਨੇ ਖੁਭੇ ਖੰਜਰ ਜਿਹੀ ਪੀੜ ਦਾ ਅਹਿਸਾਸ ਪਲ਼ਦਾ ਹੈ। ਵਿਆਹ ਇੱਕ ਹਾਦਸਾ ਹੋ ਜਾਂਦਾ ਹੈ। ਫੇਰ ਵੱਖਰੇ ਅੰਦਾਜ਼ ਨਾਲ਼ ਮਨਮਰਜ਼ੀ ਦੀ ਜ਼ਿੰਦਗੀ ਜਿਉਣ ਦੀ ਲਾਲਸਾ ਸਿਰ ਚੁਕਦੀ ਹੈ। ਤਲਾਕ ਸ਼ਬਦ ਲਿਖਣ ਜਾਂ ਸੁਨਣ ਵੇਲ਼ੇ ਜਿੰਨਾਂ ਛੋਟਾ ਅਤੇ ਸਹਿਜ ਦਿਸਦਾ ਹੈ ਉਤਨਾ ਹੀ ਗਹਿਰਾ, ਸੰਘਣਾ ਅਤੇ ਡੂੰਘਾ ਜ਼ਖ਼ਮ ਇਹ ਸੀਨੇ ਦੇ ਆਰ ਪਾਰ ਕਰ ਧਰਦਾ ਹੈ। ਇੱਕ ਕਾਗਜ਼ 'ਤੇ ਨਾਮ ਲਿਖਣ ਨਾਲ਼ ਦਿਲ ਦੇ ਲਹੂ-ਮਾਸ 'ਤੇ ਖੁਣਿਆਂ ਨਾਮ ਅੰਦਰੋਂ ਮਨਫ਼ੀ ਕਰਨਾ ਔਖਾ ਹੁੰਦਾ ਹੋਵੇਗਾ। ਕੁੱਝ ਅਰਸੇ ਦੀ ਗ਼ੈਰਹਾਜ਼ਰੀ ਮਗਰੋਂ ਹੀ ਕਿਸੇ ਦਾ ਹਾਸਾ, ਕਿਸੇ ਦੀ ਤੋਰ ਤੇ ਕਿਸੇ ਦੀ ਨਜ਼ਰ ਦੂਜਿਆਂ ਤੋਂ ਝਾਉਲ਼ਾ ਪਾਉਂਦੀਆਂ ਹੋਣਗੀਆਂ। ਪੂਰੇ ਰਿਸ਼ਤੇ ਦੇ ਸਫਰ ਵਿੱਚ ਹੁਣ ਤੱਕ ਹੋਈਆਂ-ਬੀਤੀਆਂ ਨੂੰ ਲੱਦ-ਪਲੱਦ ਕਰਦਿਆਂ ਕਈ ਹੁਸੀਨ ਅਤੇ ਕੋਝੇ ਪਲਾਂ ਦੇ ਰੂ-ਬ-ਰੂ ਹੁੰਦਿਆਂ ਤਨ ਅਤੇ ਮਨ ਦੇ ਜਸ਼ਨ ਨੂੰ ਦੂਹਰਾ ਕੇ ਜਾਂ ਹਿੱਕ ਵਿੱਚ ਪੈਲਾਂ ਪਾ ਰਹੇ ਭਵਿੱਖੀ ਸੁਪਨਿਆਂ ਦਾ ਪਸਾਰਾ ਯਾਦ ਕਰਦਿਆਂ ਬੱਸ ਰਾਹ ਬਦਲ ਕੇ, ਮੂੰਹ ਮੋੜ ਕੇ ਪਾਏ ਕੱਪੜਿਆਂ ਵਾਂਗ ਰਿਸ਼ਤਾ ਲਾਹ ਧਰਨਾ ਔਖਾ ਹੈ। ਇੱਕ ਦੋਸ਼ੀ ਬਿਰਤੀ ਸਵਾਲ-ਦਰ-ਸਵਾਲ ਆ ਖੜ੍ਹਦੀ ਹੈ। ਵੱਖ ਹੋਏ ਮਾਪਿਆਂ ਦੇ ਬੱਚੇ ਭਰੀਆਂ ਅੱਖਾਂ ਵਿੱਚ ਤੈਰਦੀ ਪੀੜ ਨੂੰ ਜਰਦੇ ਹਨ। ਉਨ੍ਹਾਂ ਦੀ ਮਾਸੂਮ ਤੱਕਣੀ ਵਿੱਚ ਤਰਸ ਦੀ ਮੰਗ ਹਰ ਮਿਲਦੀ ਸਾਂਝ ਕੋਲ਼ ਅਬੋਲ ਹੀ ਜਾ ਖੜ੍ਹਦੀ ਹੈ। ਇਸ ਵਿੱਚ ਸ਼ੱਕ ਨਹੀਂ ਕਿ ਕਦਰਾਂ ਕੀਮਤਾਂ ਦੇ ਬਖੀਏ ਔਰਤ ਮਰਦ ਦੋਹਾਂ ਨੇ ਹੀ ਰਲ਼ ਕੇ ਉਧੇੜੇ ਹਨ। 'ਬੁਰੇ ਭਲੇ ਹਮ ਥਾਰੇ' ਜਿਹੀ ਭਾਵਨਾ ਮਨਫ਼ੀ ਹੋ ਗਈ ਹੈ। ਜਿਸ ਬਚਪਨ ਨੇ ਮਾਪਿਆਂ ਦੀ ਅਜਿਹੀ ਦਾਸਤਾਨ ਹੰਢਾਈ ਹੋਵੇ, ਉਹ ਛਿੱਜੀ ਮਾਨਸਿਕਤਾ ਨਾਲ਼ ਹੀ ਜ਼ਿੰਦਗੀ ਦੀਆਂ ਸਭ ਜ਼ਿੰਮੇਵਾਰੀਆਂ ਨੂੰ ਮਜਬੂਰੀਆਂ ਹੀ ਸਮਝਦੇ ਹਨ। ਦੁਆਲ਼ੇ ਵਸਦੇ ਲੋਕਾਂ ਦੀਆਂ ਕਿਲਕਾਰੀਆਂ ਉਨ੍ਹਾਂ ਅੰਦਰ ਖਿਝ ਭਰਦੀਆਂ ਹਨ। ਇੱਕ ਉਦਾਸ ਰੰਗ ਘਰ ਦੀਆਂ ਕੰਧਾਂ ਸੰਗ ਆ ਚਿਪਕਦਾ ਹੈ। ਟੁਟਦੇ ਬਿਖਰਦੇ ਅਜਿਹੇ ਸੰਬੰਧਾਂ ਵਿੱਚ ਬੱਚੇ ਕਦੀ ਮਾਂ ਦੀ ਉਂਗਲ਼ ਫੜਦੇ ਹਨ, ਕਦੇ ਪਿਉ ਦੇ ਹੰਝੂ ਪੂੰਝਦੇ ਹਨ। ਕਦੇ ਦੋਹਾਂ ਵਿੱਚ ਆਪਾ ਡਾਹ ਕੇ ਪੁਲ਼ ਬਣਦੇ ਹਨ। ਕਿਸੇ ਵੀ ਘਰ ਅੰਦਰ ਅਜਿਹਾ ਕਲੇਸ਼ ਫ਼ਿਕਰਾਂ ਦੀ ਫ਼ਸਲ ਬੀਜਦਾ ਹੈ। ਆਪਸ ਵਿੱਚ ਵਟਾਏ ਕੌੜੇ ਬੋਲ-ਕੁਬੋਲ ਜਾਂ ਤਾਹਨੇ ਮਿਹਣੇ ਸੀਨੇ ਦੇ ਆਰ ਪਾਰ ਲੰਘਦੇ ਸਦਾ ਲਈ ਡੂੰਘੇ ਲਹਿ ਜਾਂਦੇ ਹਨ। ਗਿਲੇ ਸ਼ਿਕਵਿਆਂ ਦੇ ਅੰਬਾਰ ਉਸਰਦੇ ਹਨ। ਪੈਰ-ਪੈਰ 'ਤੇ ਸ਼ੱਕ, ਬੇਈਮਾਨੀ, ਹਵਸ, ਨਫ਼ਰਤ ਉਗਦੇ ਹਨ।ਇਹ ਪਹਿਲਾਂ ਇੱਕ ਦੂਜੇ ਦੇ ਪੈਰਾਂ ਹੇਠ ਤਲ਼ੀਆਂ ਵਿਛਉਂਦੇ ਸਾਰਾ ਜ਼ੋਰ ਜ਼ਿੰਦਗੀ ਦੀ ਪਹਿਲੀ ਸੌ ਮੀਟਰ ਰੇਸ 'ਤੇ ਹੀ ਖ਼ਤਮ ਕਰ ਲੈਂਦੇ ਹਨ। ਤਲਾਕ ਦੀ ਵਿਚਾਰ ਤੇ ਤਲਾਕ ਲੈ ਕੇ ਛਾਤੀ ਵਿੱਚੋਂ ਕੱਢ ਕੇ ਰਿਸ਼ਤਾ ਜੇਬ ਵਿੱਚ ਪਾ ਲੈਣ ਤੱਕ ਪੂਰਾ ਦੁੱਖਾਈ ਸਫ਼ਰ ਹੁੰਦਾ ਹੈ। ਸਮਾਜਿਕ, ਆਰਥਿਕ ਅਤੇ ਮਾਨਸਿਕ ਹਲਾਤ ਨਾਲ਼ ਦੇਹੀ ਦੁੱਖ ਆ ਘੇਰਦੇ ਹਨ। ਦੋਹਾਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਵੱਖ ਹੋ ਕੇ ਉਹ ਕੰਵਾਰੇ ਵਰਗੀ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਣਗੇ। ਲੜਕੀ ਲਈ ਹੋਰ ਵੀ ਔਖਾ ਹੈ। ਸਾਡੇ ਸਭਿਆਚਾਰ ਦਾ ਸਾਹਮਣਾ ਕਰਨਾ ਜਿੱਥੇ ਕਿਹਾ ਜਾਂਦਾ ਹੈ ਕਿ ਇਹਨੇ ਕੱਟਿਆ ਨਹੀਂ, ਔਰਤ ਲਈ ਦੁਸ਼ਵਾਰੀ ਬਣਦਾ ਹੈ। ਕਈ ਤਲਖੀਆਂ ਨਾਲ਼ ਹੋ ਤੁਰਦੀਆਂ ਹਨ। ਇਹ ਵੀ ਸੱਚ ਹੈ ਕਿ ਕਈ ਵਾਰੀ ਦਾਜ, ਮੋਬਾਈਲ, ਦੂਜਾ ਦਖਲ ਜਾਂ ਫ਼ਰਜ਼ ਮਨਫ਼ੀ ਕਰ ਕੇ ਹੱਲ ਹੀ ਹੱਕ ਜਾਂ ਕਾਨੂੰਨ ਦੀ ਦੁਰਵਰਤੋਂ ਜਾਂ ਦੋਹਾਂ ਧਿਰਾਂ ਦੇ ਮਾਪੇ ਬਲ਼ਦੀ▾ਤੇ ਹੋਰ ਤੇਲ ਪਾਉਣ ਵਿੱਚ ਸਹਾਈ ਹੁੰਦੇ ਹਨ। ਫੇਰ ਬੱਚੇ ਵੀ ਮਤਲਬੀ ਹੋ ਕੇ ਦੋਹਾਂ ਧਿਰਾਂ ਤੋਂ ਲਾਹਾ ਲੈਣ ਦੀ ਬਿਰਤੀ ਪਾਲ਼ਦੇ ਹਨ। ਜ਼ਿੰਦਗੀ ਖਿਲਰੇ ਹੋਏ ਪੱਤਰਿਆਂ ਜਿਹੀ ਹੋ ਜਾਂਦੀ ਹੈ, ਜਿਵੇਂ ਬੱਝੀ ਹੋਈ ਜਿਲਦ ਧੁਰੋਂ ਉਖੜ ਗਈ ਹੋਵੇ। ਹੰਕਾਰ, ਪੈਸਾ, ਔਲਾਦ, ਸਾਂਝਾਂ. ਘਰ, ਵਸਤਾਂ ਅਤੇ ਸਭ ਸੁਪਨੇ ਬਿਖਰੇ ਹੋਏ ਟੁਕੜਿਆਂ ਵਾਂਗ ਖੁਭਦੇ ਹਨ। ਕਦੇ ਕੰਨਾਂ ਵਿੱਚ ਅਛੋਪਲੇ ਕੀਤੀਆਂ ਬਾਤਾਂ ਹੁਣ ਅਪੀਲ, ਦਲੀਲ ਅਤੇ ਵਕੀਲ ਕੋਲ਼ ਜਾ ਪਸਰਦੀਆਂ ਹਨ। ਇੱਕ ਮੁਸ਼ਕਲ ਤੋਂ ਖਹਿੜਾ ਛੁਡਾਉਂਦੇ ਉਹ ਦੋਵੇਂ ਕਈ ਸਮੱਸਿਆਵਾਂ ਵਿੱਚ ਜਾ ਘਿਰਦੇ ਹਨ।ਤਲਾਕ ਪ੍ਰਾਪਤੀ ਦੇ ਪਹਿਲੇ ਕੁੱਝ ਦਿਨ ਖੁੱਲ੍ਹ ਕੇ ਸਾਹ ਆਉਂਦਾ ਲੱਗਦਾ ਹੈ ਪਰ ਕਦੇ ਕਦੇ ਆਪਣਾ ਆਪ ਕਿਰਚਾਂ ਹੋ ਕੇ ਬਿਖਰਿਆ ਲੱਗਦਾ ਹੈ। ਅਜਿਹੇ ਸਮੇਂ ਦੋਵੇਂ ਧਿਰਾਂ ਇੱਕ ਦੂਜੇ ਵੱਲੋਂ ਵੱਡੀ ਗ਼ੈਰਹਾਜ਼ਰ ਹੋ ਕੇ ਵੀ ਕਦੇ ਹਾਜ਼ਰ ਹੁੰਦੀਆਂ ਨੇ। ਤਲਾਕ ਲੈਣ ਵਿੱਚ ਵੱਡੀ ਰੁਕਾਵਟ ਬੱਚੇ ਹੁੰਦੇ ਹਨ। ਬੱਚੇ ਦੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਉਨ੍ਹਾਂ ਦਾ ਹਰ ਬੱਝੀ ਸੰਸਥਾ ਤੋਂ ਭਰੋਸਾ ਥਿੜਕਦਾ ਹੈ। ਉਨ੍ਹਾਂ ਦੀਆਂ ਸਭ ਸੋਚਾਂ ਤਿੜਕਦੀਆਂ ਹਨ। ਤਲਾਕ ਕਿਸੇ ਸਮੱਸਿਆ ਨੂੰ ਹੱਲ ਕਰਦਾ ਹੋਰ ਕਈ ਨਵੀਆਂ ਉਲਝਣਾਂ ਬਿਖੇਰਦਾ ਹੈ। ਇਹ ਸਭ ਤਾਂ ਜਿਸ ਤਨ ਲਾਗੇ ਸੋਈ ਜਾਨੇ' ਕਹੀ ਜਾ ਸਕਦੀ ਹੈ।

**ਸ਼ਾਮ ਦੀ ਨਾ ਸਵੇਰ ਦੀ ਗੱਲ ਹੈ,**
**ਵਕਤ ਦੇ ਹੇਰ ਫੇਰ ਦੀ ਗੱਲ ਹੈ,**
**ਕੀ ਕੀ ਕੀਤੇ ਸੀ ਕੌਲ ਆਪਾਂ ਵੀ,**
**ਯਾਦ ਨਹੀਂ ਬਹੁਤ ਦੇਰ ਦੀ ਗੱਲ ਹੈ।**


# ਕੈਲਗਰੀ ਲੇਖਕ ਸਭਾ ਦੀ ਮੀਟਿੰਗ ਅੰਤਰ-ਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 7 ਮਾਰਚ 2026, ਨੂੰ ਕੈਲਗਰੀ ਲੇਖਕ ਸਭਾ ਦੀ ਮਾਰਚ ਮਹੀਨੇ ਦੀ ਮੀਟਿੰਗ ਮਾਰਚ ਮਹੀਨੇ ਦੇ ਪ੍ਰਮੁੱਖ ਦਿਹਾੜਿਆਂ, ਹੋਲਾ-ਮਹੱਲਾ, ਅੰਤਰ-ਰਾਸ਼ਟਰੀ ਮਹਿਲਾ ਦਿਵਸ ਅਤੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦੇ ਏਜੰਡੇ ਨਾਲ ਸ਼ੁਰੂ ਹੋਈ। ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਭਾ ਦੇ ਸਤਿਕਾਰਯੋਗ ਮੈਂਬਰ ਫਿਜ਼ਕਸ ਦੇ ਵਿਗਿਆਨੀ ਡਾ: ਸੁਰਜੀਤ ਸਿੰਘ ਭੱਟੀ ਜੀ ਨੂੰ ਇੱਕ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਸਕੱਤਰ ਗੁਰਚਰਨ ਥਿੰਦ ਨੇ ਪਹਿਲਾਂ ਹੋਲਾ-ਮਹੱਲਾ ਦੀ ਸ਼ੁਰੂਆਤ, ਇਸਦੇ ਧਾਰਮਿਕ ਤੇ ਰਾਜਨੀਤਕ ਮਹੱਤਵ ਬਾਰੇ ਅਤੇ ਫਿਰ ਸੰਸਾਰ ਭਰ ਵਿੱਚ ਔਰਤਾਂ ਦੁਆਰਾ ਆਪਣੇ ਹੱਕਾਂ, ਸਮਾਜ ਵਿੱਚ ਹਰ ਪੱਧਰ ਤੇ ਬਰਾਬਰੀ ਦੇ ਸਲੂਕ ਅਤੇ ਇਕੁਇਟੀ ਭਾਵ ਹਿੱਸੇਦਾਰੀ, ਨਿਆਂ ਤੇ ਆਰਥਿਕ ਆਤਮ-ਨਿਰਭਰਤਾ ਲਈ ਕੀਤੀ ਗਈ ਲੰਮੀ ਜਦੋਜਹਿਦ ਦਾ ਵਰਨਣ ਕਰਦੇ 1977 ਵਿੱਚ ਯੂਨਾਈਟਡ ਨੇਸ਼ਨਜ਼ ਵਲੋਂ 8 ਮਾਰਚ ਨੂੰ 'ਇੰਟਰਨੈਸ਼ਨਲ ਵੂਮੇਨ ਡੇ' ਐਲਾਨੇ ਜਾਣ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਆਖਿਆ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਅਜੋਕੇ ਆਪੋਧਾਪੀ ਅਤੇ ਜੰਗਾਂ ਯੁੱਧਾਂ ਦੇ ਸਮੇਂ ਸਮਾਜਿਕ ਸਮਾਨਤਾ, ਸਮਾਜਿਕ ਅਨਿਆਂ ਵਿਰੁੱਧ ਅਵਾਜ਼ ਉਠਾਉਣਾ, ਧਰਮ-ਨਿਰਪੱਖਤਾ ਤੇ ਸਮਾਜਿਕ ਏਕਤਾ ਦੇ ਸਿਧਾਤਾਂ ਤੇ ਖੜੇ ਹੋਣ ਦੀ ਲੋੜ ਸ਼ਿੱਦਤ ਨਾਲ ਭਾਸਦੀ ਹੈ, ਜਿਸ ਖਾਤਰ ਇਨ੍ਹਾਂ ਸ਼ਹੀਦਾਂ ਨੇ ਸ਼ਹੀਦੀ ਦਾ ਜਾਮ ਪੀਤਾ ਸੀ।
ਸਭਾ ਦੇ ਉਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਨੇ ਭਗਤ ਸਿੰਘ ਦੇ 'ਮੈਂ ਨਾਸਤਿਕ ਕਿਉਂ ਹਾਂ?' ਬਾਰੇ ਜ਼ਿਕਰ ਕਰਦੇ ਸਮਾਜਿਕ ਅਨਿਆਂ ਬਾਰੇ ਭਗਤ ਸਿੰਘ ਦੀ ਸੋਚ 'ਕਿ ਜੇ ਰੱਬ ਹੁੰਦਾ ਤਾਂ ਇਹ ਬੇਇਨਸਾਫ਼ੀ ਕਿਉਂ ਹੁੰਦੀ?' ਬਾਰੇ ਗੱਲ ਕਰਦਿਆਂ ਕਿਹਾ ਕਿ ਹਰ



ਚੀਜ਼ ਨੂੰ ਪੜਚੋਲਣਾ ਤੇ ਦਲੀਲ ਨਾਲ ਪੇਸ਼ ਕਰਨਾ ਨਾਸਤਿਕ ਹੋਣਾ ਨਹੀਂ ਹੁੰਦਾ। ਅਮਨਦੀਪ ਸਿੰਘ ਦੁੱਲਤ ਨੇ ਕਿਹਾ ਕਿ 'ਔਰਤ' ਤੇ 'ਬਿਊਟੀ' ਦੀ ਪ੍ਰੀਭਾਸ਼ਾ ਸਮੇਂ ਸਮੇਂ ਬਦਲ ਕੇ ਔਰਤਾਂ ਦਾ ਸੋਸ਼ਣ ਕੀਤਾ ਜਾਂਦਾ ਹੈ। ਸੋਹਣ ਸਿੰਘ ਭੁੱਚੋ ਨੇ 'ਮਿਹਨਤ ਦੇ ਬੂਟਿਆਂ ਨੂੰ ਮਾਹੀ ਵੇ ਫ਼ਲ ਮਿੱਠੇ ਲਗਦੇ, ਤੇਰੀ ਘਰੇ ਨੌਕਰੀ ਡੂੰਘਾ ਵਾਹ ਲੈ ਹੱਲ਼ ਵੇ' ਪ੍ਰਵਾਰ ਵਿੱਚ ਡੂੰਘੀ ਸਾਂਝ ਨੂੰ ਪ੍ਰਟਾਉਂਦਾ ਗੀਤ ਆਪਣੀ ਬੁਲੰਦ ਤੇ ਸੁਰੀਲੀ ਅਵਾਜ਼ ਵਿੱਚ ਗਾਇਆ। ਚਰਨਦੀਪ ਕੌਰ ਨੇ ਸਾਲ 2026 ਵਰ੍ਹੇ ਦੇ ਮਹਿਲਾ ਦਿਵਸ ਦੇ ਥੀਮ 'ਗਿਵ ਐਂਡ ਗੇਨ' ਬਾਰੇ ਗੱਲ ਕੀਤੀ ।
ਸੰਤੋਸ਼ ਚੀਮਾ ਨੇ ਘਰ ਵਿੱਚ ਤੀਜੀ ਕੁੜੀ ਵਜੋਂ ਪੈਦਾ ਹੋਣ ਦੀ ਆਪਣੇ ਜਨਮ ਦੀ ਤ੍ਰਸਾਦੀ ਬਿਆਨੀ। ਸਵਰਨ ਸਿੰਘ ਨੇ ਪੰਜਾਬ ਵਿੱਚ ਉਨ੍ਹਾਂ ਦੁਆਰਾ 'ਨਰੇਗਾ' ਸਕੀਮ ਅਧੀਨ ਔਰਤਾਂ ਨੂੰ ਐਮਪਾਵਰ ਕਰਨ ਦੇ ਕੀਤੇ ਗਏ ਉਪਰਾਲਿਆਂ ਦਾ ਵਰਨਣ ਕਰਦੇ ਕਿਹਾ ਕਿ ਅਨਪੜ੍ਹ ਔਰਤਾਂ ਨੂੰ ਜਦੋਂ ਰੁਜ਼ਗਾਰ ਅਤੇ ਆਲੇ ਦੁਆਲੇ ਦਾ ਗਿਆਨ ਦਿੱਤਾ ਗਿਆ ਤਾਂ ਉਨ੍ਹਾਂ ਦੀ ਇੱਕ ਵਿਸ਼ੇਸ਼ ਪਛਾਣ ਬਣ ਗਈ ਸੀ। ਰਮਨ ਗਿੱਲ ਨੇ ਕਿਹਾ ਜਦੋਂ ਮੇਰੀ ਸਭ ਤੋਂ ਛੋਟੀ ਭੈਣ ਜੰਮੀ ਤਾਂ ਘਰ ਵਿੱਚ ਤਾਂ ਉਸ ਨੂੰ ਖਿੜੇ ਮੱਥੇ ਪ੍ਰਵਾਨਿਆ ਗਿਆ ਪਰ ਘਰ ਆਏ ਰਿਸ਼ਤੇਦਾਰਾਂ ਦੇ ਬੋਲ ਜ਼ਰੂਰ ਮਾਹੌਲ ਸੋਗੀ ਕਰ ਦੇਂਦੇ ਸਨ।। ਭੁਪਿੰਦਰ ਸਿੰਘ ਹੁਰਾਂ ਵੀ ਆਪਣੇ ਵਿਚਾਰ ਸਾਂਝੇ ਕੀਤੇ।
ਪੈਰੀ ਮਾਹਲ ਨੇ ਨਵਾਂ ਸ਼ਹਿਰ ਨੂੰ ਜਾਣ ਵਾਲੀ ਸੜਕ ਤੇ ਆਪਣੇ ਪਿੰਡ ਤੋਂ ਪੰਜ ਛੇ ਕਿਲੋਮੀਟਰ ਦੀ ਦੂਰੀ ਤੇ ਸਥਿੱਤ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਅਤੇ ਦੂਜੇ ਪਾਸੇ ਇਨੀ ਕੁ ਵਿੱਥ ਤੇ ਨਾਨਕੇ ਪਿੰਡ ਨਾਲ ਨੇੜਤਾ ਦਰਸਾਈ। ਹਰਮਿੰਦਰ ਪਾਲ ਸਿੰਘ ਨੇ ਕਬੀਰ ਜੀ ਅਤੇ ਬੁੱਲੇ ਸ਼ਾਹ ਦੇ ਹਵਾਲਿਆਂ ਨਾਲ ਔਰਤ ਦੀ ਸਥਿਤੀ ਦੱਸੀ ।ਬਲਦੇਵ ਸਿੰਘ ਦੁੱਲਤ ਨੇ ਕਨੇਡਾ ਵਿੱਚ ਪੰਜ ਔਰਤਾਂ ਦੁਆਰਾ ਔਰਤਾਂ ਲਈ ਸਮਾਨ ਅਧਿਕਾਰ ਅਤੇ ਖਾਸ ਤੌਰ ਵੋਟ ਦਾ ਅਧਿਕਾਰ ਲੈਣ ਲਈ ਕੀਤੀ ਗਈ ਲੰਮੀ ਜਦੋਜਹਿਦ ਬਾਰੇ ਦੱਸਿਆ। ਪ੍ਰਧਾਨ ਜਸਵੀਰ ਸਿੰਘ ਸਿਹੋਤਾ ਜੀ ਨੇ ਸਭ ਦਾ ਧੰਨਵਾਦ ਕੀਤਾ ਤੇ ਵੱਡਮੁਲੇ ਵਿਚਾਰ ਪੇਸ਼ ਕਰਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਉਭਰਦੇ ਕਵੀ 'ਕੁਲਵਿੰਦਰ ਕਾਮੇ' ਦੀਆਂ ਰਚਨਾਵਾਂ ਸੁਣਨ ਦੀ ਸਲਾਹ ਦਿੱਤੀ।ਪਰਮਜੀਤ ਭੰਗੂ ਨੇ 'ਪੁਰਾਣੇ ਇਤਿਹਾਸ ਤੇ ਝੂਰਨ ਦੀ ਥਾਂ, ਚੰਗੀ ਗੱਲ ਏ ਕਿ ਹੁਣ ਦੀ ਗੱਲ ਕਰੀਏ' ਕਵਿਤਾ ਸਾਂਝੀ ਕੀਤੀ। ਜਗਦੇਵ ਸਿੰਘ ਸਿੱਧੂ ਨੇ ਕਿਹਾ ਕਿ ਔਰਤ ਨੂੰ ਪਹਿਲਾਂ ਤੋਂ ਹੀ ਚੀਜ਼ ਸਮਝਿਆ ਗਿਆ ਹੈ, ਜਿਸ ਦਾ ਪ੍ਰਮਾਣ ਸੀਤਾ, ਦ੍ਰੋਪਦੀ ਤੇ ਕੁੰਤੀ ਹੈ। ਸੁਵੰਬਰ ਵਿੱਚ ਮਨਪਸੰਦ ਵਰ ਚੁਣ ਲੈਣ ਦੀ ਖੁੱਲ ਵੀ ਉਸ ਦੀ ਆਪਣੀ ਨਹੀਂ ਸੀ ਬਲਕਿ ਉਸ ਵਿਅਕਤੀ ਦੀ ਯੋਗਤਾ ਹੁੰਦੀ ਸੀ ਜੋ ਦਿੱਤੀ ਸ਼ਰਤ ਨੂੰ ਪੂਰਾ ਕਰ ਲੈਂਦਾ ਸੀ। ਆਰਕ ਆਫ ਜੋਨਜ਼ ਨੂੰ ਸੰਤ ਦਰਜਾ ਦੇ ਕੇ ਵੀ ਜ਼ਿੰਦਾ ਜਲਾ ਦਿੱਤਾ ਗਿਆ। ਇਹ ਵਰਤਾਰਾ ਅੱਜ ਵੀ ਉਸੇ ਤਰ੍ਹਾਂ ਵਾਪਰ ਰਿਹਾ, ਕਿਤੇ ਘਰੇਲੂ ਹਿੰਸਾ ਤੇ ਕਿੱਤੇ ਸਰੀਰਕ ਸੋਸ਼ਣ ਦੇ ਰੂਪ ਵਿੱਚ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਸ਼ਹੀਦੀ ਅੱਜ ਹੀ ਨਹੀਂ ਆਉਣ ਵਾਲੇ ਸਮੇਂ ਵਿੱਚ ਵੀ ਉਤਨੀ ਹੀ ਮਹੱਤਵ ਪੂਰਨ ਰਹੇਗੀ। ਪਰੀਤ ਸਾਗਰ ਸਿੰਘ ਨੇ ਸੰਸਾਰ ਦੀ ਉਤਪਤੀ ਫੀਮੇਲ ਅਨਰਜੀ ਤੋਂ ਹੋਈ ਤੇ ਹੋ ਰਹੀ ਹੈ' ਤੱਥ ਨੂੰ ਗੁਰਬਾਣੀ ਦੇ ਹਵਾਲੇ ਨਾਲ ਬਿਆਨਿਆ। ਸੁਖਵਿੰਦਰ ਸਿੰਘ ਥਿੰਦ ਨੇ ਅਲਬਰਟਾ ਦੇ ਇਸ ਵਰ੍ਹੇ ਦੇ ਬਜਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ।ਅੰਤ ਵਿੱਚ ਸਕੱਤਰ ਗੁਰਚਰਨ ਥਿੰਦ ਨੇ ਔਰਤ ਮਰਦ ਦੇ ਬਰਾਬਰੀ ਦੇ ਸਬੰਧ ਨੂੰ ਪ੍ਰਗਟਾਉਂਦੀ ਆਪਣੀ ਰਚਨਾ, 'ਤੈਨੂੰ ਮਾਣ ਮਰਦਾਨਗੀ ਦਾ ਮੈਨੂੰ ਫ਼ਖਰ ਨਾਰੀਤੱਵ ਦਾ, ਮੇਰੀ ਕੁੱਖ ਜ਼ਰਖ਼ੇਜ਼ ਜ਼ਿੰਮੀ ਪਰ ਕੀ ਇਹ ਬੀਜ ਬਿਨਾ ਉਗਮੇ? ਨਹੀਂ ਕਦੇ ਨਹੀਂ' ਸੁਣਾ ਕੇ ਸੰਸਾਰ ਦੀ ਰਚਨਾ ਲਈ ਔਰਤ ਤੇ ਮਰਦ ਦੀ ਬਰਾਬਰ ਦੀ ਹੋਂਦ ਤੇ ਲੋੜ ਦੇ ਸੱਚ ਨੂੰ ਬਿਆਨਿਆ।

# ਸੁੱਚਾ ਸਿੰਘ ਜਵੰਧਾ ਉਰਫ ਸੁੱਚਾ ਸੂਰਮਾ



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

**ਸੁੱਚੇ ਦੇ ਕਰਮਾਂ ਵਿੱਚ ਰੱਬ ਨੇ ਸ਼ਾਂਤੀ ਨਾਲ ਰਹਿਣਾ ਨਹੀਂ ਸੀ ਲਿਖਿਆ। ਉਸ ਦੇ ਨਾਨਕੇ ਪਿੰਡ ਗਹਿਰੀ ਭਾਗੀ ਵੱਲੋਂ ਲੱਗਦੇ ਭਤੀਜੇ ਸੰਤ ਸਿੰਘ ਨੇ ਫਰਿਆਦ ਕੀਤੀ ਕਿ ਉਸ ਦੀ ਮਾਂ ਰਾਜ ਕੌਰ ਬਦਚਲਣ ਹੋ ਗਈ ਹੈ ਤੇ ਪਿੰਡ ਵਿੱਚ ਹੀ ਬਦਮਾਸ਼ ਗੱਜਣ ਵੈਲੀ ਦੇ ਘਰ ਰਹਿਣ ਲੱਗ ਪਈ ਹੈ। ਰਾਜ ਕੌਰ ਪਿੰਡ ਤੁੰਗਵਾਲੀ, ਬਠਿੰਡਾ ਦੇ ਚੰਦਾ ਸਿੰਘ ਦੀ ਧੀ ਸੀ। ਸੁੱਚੇ ਨੇ ਉਸ ਨੂੰ ਬਹੁਤ ਟਾਲਿਆ ਕਿ ਮੈਂ ਅੱਗੇ ਹੀ ਬੜੇ ਮੁਸ਼ਕਲ ਭਰੇ ਵਕਤ ਵਿੱਚੋਂ ਗੁਜ਼ਰਿਆ ਹਾਂ। ਪਰ ਸੰਤ ਸਿੰਘ ਖਹਿੜੇ ਹੀ ਪੈ ਗਿਆ। ਉਸ ਨੇ ਸੁੱਚੇ ਨੂੰ ਕਿਹਾ ਕਿ ਤੇਰਾ ਇਲਾਕੇ ਵਿੱਚ ਏਨਾ ਨਾਮ ਹੈ ਕਿ ਦਬਕੇ ਨਾਲ ਹੀ ਰਾਜ ਕੌਰ ਤੇ ਗੱਜਣ ਸੁਧਰ ਜਾਣਗੇ। ਸੁੱਚਾ ਮਜਬੂਰ ਹੋ ਗਿਆ ਤੇ ਜਾ ਕੇ ਗੱਜਣ ਤੇ ਰਾਜ ਕੌਰ ਨੂੰ ਦਬਕਾ ਮਾਰ ਆਇਆ। ਸੁੱਚੇ ਤੋਂ ਡਰ ਕੇ ਕੁਝ ਚਿਰ ਤਾਂ ਉਹ ਦੋਵੇਂ ਟਿਕੇ ਰਹੇ, ਪਰ ਜਲਦੀ ਹੀ ਪੁਰਾਣੇ ਚਾਲਿਆਂ ਤੇ ਆ ਗਏ।**

ਸੁੱਚਾ ਸਿੰਘ ਜਵੰਧਾ ਉਰਫ ਸੁੱਚਾ ਸੂਰਮਾ ਦੀਆਂ ਵਾਰਾਂ ਸਵਰਗੀ ਕੁਲਦੀਪ ਮਾਣਕ ਅਤੇ ਮੁਹੰਮਦ ਸਦੀਕ ਸਮੇਤ ਅਨੇਕਾਂ ਗਾਇਕਾਂ ਨੇ ਗਾਈਆਂ ਹਨ। ਸੁੱਚਾ ਸੂਰਮਾ ਪੰਜਾਬ ਦੇ ਉਹਨਾਂ ਲੋਕ ਨਾਇਕਾਂ ਵਿੱਚ ਆਉਂਦਾ ਹੈ ਜਿਹਨਾਂ ਨੇ ਅਣਖ ਖਾਤਰ ਹਥਿਆਰ ਚੁੱਕੇ ਪਰ ਦੀਨ ਦੁਖੀਆਂ ਦਾ ਭਲਾ ਕੀਤਾ। ਇਸ ਯੋਧੇ ਦਾ ਸਭ ਤੋਂ ਵੱਡਾ ਗੁਣ ਇਹ ਸੀ ਕਿ ਇਸ ਨਾ ਤਾਂ ਡਾਕੇ ਮਾਰੇ ਤੇ ਨਾ ਹੀ ਲੁੱਟਾਂ ਖੋਹਾਂ ਕੀਤੀਆਂ। ਸੁੱਚੇ ਸੂਰਮੇ ਦਾ ਜਨਮ 1875 ਈ. ਦੇ ਲਾਗੇ ਪਿੰਡ ਸਮਾਉਂ ਦੀ ਮੁਪਾਲ ਪੱਤੀ ਵਿੱਚ ਸੁੰਦਰ ਸਿੰਘ ਜਵੰਧੇ ਦੇ ਘਰ ਹੋਇਆ ਸੀ। ਇਹ ਪਿੰਡ ਉਸ ਵੇਲੇ ਪਟਿਆਲਾ ਸਟੇਟ ਵਿੱਚ ਸੀ ਤੇ ਹੁਣ ਜਿਲ੍ਹਾ ਮਾਨਸਾ ਦੇ ਥਾਣਾ ਭੀਖੀ ਅਧੀਨ ਆਉਂਦਾ ਹੈ। ਸੁੱਚਾ ਆਪਣੇ ਭਰਾ ਨਰਾਇਣ ਸਿੰਘ (ਨਰੈਣਾ) ਤੋਂ 2-3 ਸਾਲ ਛੋਟਾ ਸੀ। ਉਸ ਦੀ ਬਚਪਨ ਤੋਂ ਹੀ ਨੰਬਰਦਾਰਾਂ ਦੇ ਮੁੰਡੇ ਘੁੱਕਰ ਸਿੰਘ ਚੈਹਿਲ (ਘੁੱਕਰ ਮੱਲ) ਨਾਲ ਗੂੜ੍ਹੀ ਯਾਰੀ ਸੀ। ਲਿਖਾਈ ਪੜ੍ਹਾਈ ਵੱਲੋਂ ਕੋਰੇ ਦੋਵੇਂ ਦੋਸਤ ਪਿੰਡ ਦੇ ਅਖਾੜੇ ਵਿੱਚ ਭਲਵਾਨੀ ਦੇ ਦਾਅ ਪੇਚ ਸਿੱਖਦੇ ਸਨ। ਨਰੈਣੇ ਨੇ ਕਿਸੇ ਕਾਰਨ ਆਪਣੀ ਪਹਿਲੀ ਘਰਵਾਲੀ ਛੱਡ ਦਿੱਤੀ ਤੇ ਪਿੰਡ ਰੋੜੀ ਤੋਂ ਬਲਬੀਰ ਕੌਰ (ਬੀਰੋ) ਨੂੰ ਕਰੇਵਾ ਕਰ ਕੇ ਲੈ ਆਇਆ। ਬੀਰੋ ਮਾੜੇ ਚਰਿੱਤਰ ਦੀ ਸੀ ਤੇ ਨਰੈਣਾ ਜ਼ਿਨਸੀ ਤੌਰ 'ਤੇ ਕਮਜ਼ੋਰ ਸੀ। ਘਰ ਆਉਣ ਜਾਣ ਹੋਣ ਕਰਕੇ ਘੁੱਕਰ ਦਾ ਬੀਰੋ ਨਾਲ ਯਾਰਾਨਾ ਪੈ ਗਿਆ। ਪਰ ਘੁੱਕਰ ਮੱਲ ਸੁੱਚੇ ਤੋਂ ਕੰਨ ਭੰਨਦਾ ਸੀ।

ਘੁੱਕਰ ਨੇ ਸੁੱਚੇ ਨੂੰ ਰਸਤੇ ਤੋਂ ਹਟਾਉਣ ਦਾ ਤਰੀਕਾ ਇਹ ਲੱਭਿਆ ਕਿ ਫੌਜ ਵਿੱਚ ਭਰਤੀ ਕਰਵਾ ਦਿੱਤਾ ਜਾਵੇ। ਦੋਵੇਂ ਫਿਰੋਜ਼ਪੁਰ ਜਾ ਕੇ ਭਰਤੀ ਹੋ ਗਏ। ਘੁੱਕਰ ਤਾਂ ਕਿਸੇ ਬਹਾਨੇ ਨਾਵਾਂ ਕਟਵਾ ਕੇ ਘਰ ਆ ਗਿਆ ਪਰ ਸੁੱਚਾ ਰੰਗਰੂਟੀ ਕਰ ਕੇ ਬਰਮਾ ਪਹੁੰਚ ਗਿਆ। ਘੁੱਕਰ ਪਿੰਡ ਆ ਕੇ ਬੀਰੋ ਨੂੰ ਸ਼ਰੇਆਮ ਮਿਲਣ ਲੱਗ ਪਿਆ। ਵਰਨਣਯੋਗ ਹੈ ਕਿ ਉਸ ਵੇਲੇ ਘੁੱਕਰ ਵਿਆਹਿਆ ਵਰ੍ਹਿਆ ਤੇ ਬਾਲ ਬੱਚੇ ਵਾਲਾ ਸੀ। ਬੀਰੋ ਤੇ ਘੁੱਕਰ ਵਿੱਚ ਸੁਨੇਹਾ ਪੱਤਾ ਦੇਣ ਦਾ ਕੰਮ ਭਾਗ ਸਿੰਘ (ਭਾਗ ਵਿਚੋਲਾ) ਕਰਦਾ ਸੀ। ਭਾਗ ਇਸ ਲਈ ਜਿਆਦਾ ਨਫਰਤ ਦਾ ਪਾਤਰ ਬਣਿਆ ਕਿਉਂਕਿ ਪੰਜਾਬ ਵਿੱਚ ਦੱਲੇ ਅਤੇ ਪੁਲਿਸ ਦੇ ਟਾਊਟ ਨੂੰ ਬਹੁਤ ਘਟੀਆ ਸਮਝਿਆ ਜਾਂਦਾ ਹੈ। ਬੀਰੋ ਪਹਿਲਾਂ ਹੀ ਨਰੈਣੇ ਨੂੰ ਟਿੱਚ ਸਮਝਦੀ ਸੀ, ਸੁੱਚੇ ਦੇ ਘਰੋਂ ਜਾਣ ਤੋਂ ਬਾਅਦ ਤਾਂ ਉਸ ਦੀਆਂ ਵਾਗਾਂ ਈ ਖੁਲ੍ਹ ਗਈਆਂ। ਨਰੈਣਾ ਖੁਦ ਨਿਕੰਮਾ ਅਤੇ ਡਰਪੋਕ ਕਿਸਮ ਦਾ ਆਦਮੀ ਸੀ। ਉਸ ਨੇ ਖੁਦ ਕੋਈ ਕਾਰਵਾਈ ਕਰਨ ਦੀ ਬਜਾਏ ਸੁੱਚੇ ਨੂੰ ਚਿੱਠੀ ਲਿਖ ਦਿੱਤੀ ਤੇ ਸਾਰਾ ਹਾਲ ਬਿਆਨ ਕਰ ਦਿੱਤਾ।

ਬੀਰੋ ਵੱਲੋਂ ਖਾਨਦਾਨ ਦਾ ਮੂੰਹਾ ਕਾਲਾ ਕਰਨ ਦੀ ਖਬਰ ਸੁਣ ਕੇ ਸੁੱਚਾ ਭੜਕ ਉੱਠਿਆ। ਪਰ ਫੌਜ ਵਿੱਚੋਂ ਤਾਂ ਹੁਣ ਨਹੀਂ ਛੁੱਟੀ ਮਿਲਦੀ, ਉਦੋਂ ਕਿੱਥੋਂ ਮਿਲਣੀ ਸੀ? ਭਾਣਾ ਰੱਬ ਦਾ! ਛਾਉਣੀ ਵਿੱਚ ਇੱਕ ਅੰਗਰੇਜ਼ ਅਫਸਰ ਦੇ ਘਰ ਨੂੰ ਅੱਗ ਲੱਗ ਗਈ ਤੇ ਬੱਚੇ ਅੰਦਰ ਫਸ ਗਏ। ਸੁੱਚਾ ਆਪਣੀ ਜਾਨ 'ਤੇ ਖੇਡ ਕੇ ਬੱਚਿਆਂ ਨੂੰ ਬਚਾ ਲਿਆਇਆ। ਅਫਸਰ ਬਹੁਤ ਖੁਸ਼ ਹੋਇਆ, ਇਨਾਮ ਬਾਰੇ ਪੁੱਛਣ 'ਤੇ ਸੁੱਚੇ ਨੇ ਬਾਰਾਂ ਬੋਰ ਦੀ ਬੰਦੂਕ ਅਤੇ ਫੌਜ ਵਿੱਚੋਂ ਡਿਸਚਾਰਜ ਮੰਗ ਲਿਆ। ਸੁੱਚੇ ਨੇ ਪਿੰਡ ਆ ਕੇ ਬੀਰੋ ਦੀ ਬੁਰੀ ਤਰਾਂ ਮਾਰ ਕੁਟਾਈ ਕੀਤੀ ਤੇ ਮੋਹਤਬਰਾਂ ਰਾਹੀਂ ਘੁੱਕਰ ਨੂੰ ਵੀ ਧਮਕਾਇਆ। ਕੁਝ ਚਿਰ ਸ਼ਾਂਤੀ ਛਾਈ ਰਹੀ, ਪਰ ਇਸ਼ਕ ਅੰਨ੍ਹਾ ਹੁੰਦਾ ਹੈ। ਕੁਝ ਬੀਰੋ ਤੇ ਘੁੱਕਰ ਦੇ ਦੁਬਾਰਾ ਲੁਕ ਛਿਪ ਕੇ ਮਿਲਣ ਕਾਰਨ ਤੇ ਕੁਝ ਸ਼ਰੀਕਾਂ ਦੇ ਮਿਹਣੇ-ਮਖੌਲਾਂ ਕਾਰਨ ਕਹਾਣੀ ਵਿਗੜ ਗਈ। ਪਿੰਡ ਵਿੱਚ ਸੇਰੋਂ ਵਾਲੇ ਮੁਨਸ਼ੀ ਗਵੱਈਏ ਦਾ ਅਖਾੜਾ ਲੱਗਾ ਹੋਇਆ ਸੀ। ਉਥੇ ਹੀ ਸੁੱਚੇ ਤੇ ਘੁੱਕਰ ਦਰਮਿਆਨ ਝਗੜਾ ਹੋ ਗਿਆ। ਲੋਕਾਂ ਨੇ ਵਿੱਚ ਪੈ ਕੇ ਲੜਾਈ ਖਤਮ ਕਰਵਾ ਦਿੱਤੀ। ਗਵੱਈਆਂ ਨੇ ਉਸੇ ਦਿਨ ਘੁੱਕਰ ਦਾ ਕਤਲ ਹੁੰਦਾ ਦਰਸਾਇਆ ਹੈ। ਪਰ ਅਸਲ ਵਿੱਚ ਸੁੱਚੇ ਨੇ ਘੁੱਕਰ ਦਾ ਕਤਲ ਅਗਲੇ ਦਿਨ ਕੀਤਾ ਸੀ। ਸੁੱਚਾ ਸੱਥ ਦੇ ਸਾਹਮਣੇ ਕਿਸੇ ਦੇ ਘਰ ਘਾਤ ਲਾ ਕੇ ਬੈਠਾ ਸੀ ਤੇ ਅੰਦਰੋਂ ਹੀ ਫਾਇਰ ਮਾਰ ਕੇ ਘੁੱਕਰ ਨੂੰ ਮਾਰਿਆ ਸੀ। ਘੁੱਕਰ ਦਾ ਕਤਲ ਕਰਕੇ ਜਦੋਂ ਸੁੱਚਾ ਘਰ ਵੱਲ ਨੂੰ ਤੁਰਿਆ ਤਾਂ ਬੀਰੋ ਰਸਤੇ ਵਿੱਚ ਹੀ ਟੱਕਰ ਗਈ। ਉਹ ਭੱਜ ਕੇ ਗੁਆਂਢੀਆਂ ਦੇ ਘਰ ਵੜ ਗਈ ਪਰ ਪੌੜੀਆਂ ਚੜ੍ਹਦੀ ਸੁੱਚੇ ਹੱਥੋਂ ਮਾਰੀ ਗਈ। ਬੀਰੋ ਦੀ ਲਾਸ਼ ਨੂੰ ਧੂਹ ਕੇ ਸੁੱਚੇ ਨੇ ਸੱਥ ਵਿੱਚ ਲਿਆ ਕੇ ਘੁੱਕਰ ਦੀ ਲਾਸ਼ ਦੇ ਬਰਾਬਰ ਪਾ ਦਿੱਤਾ ਤੇ ਘੁੱਕਰ ਦੇ ਤੇੜੋਂ ਚਾਦਰਾ ਲਾਹ ਕੇ ਦੋਵਾਂ ਨੂੰ ਢੱਕ ਦਿੱਤਾ। ਪਿੰਡੋਂ ਭੱਜਣ ਵੇਲੇ ਸੁੱਚਾ ਵਰਿਆਮ ਸਿੰਘ ਦਾ ਊਠ ਖੋਹਲ ਕੇ ਸਵਾਰ ਹੋ ਕੇ ਚੱਲ ਪਿਆ। ਕੁਦਰਤੀ ਉਸ ਨੂੰ ਰਸਤੇ ਵਿੱਚ ਆਉਂਦਾ ਭਾਗ ਵਿਚੋਲਾ ਵੀ ਟੱਕਰ ਗਿਆ। ਸੁੱਚੇ ਦੀ ਗੋਲੀ ਭਾਗ ਦੇ ਨਾ ਲੱਗੀ, ਉਹ ਮਰਿਆਂ ਵਾਂਗ ਗੁੱਛੀ ਮਾਰ ਕੇ ਪਿਆ ਰਿਹਾ। ਊਠ 'ਤੇ ਸੁੱਚੇ ਨੇ ਉਸ ਦੁਆਲੇ ਦੋ ਗੇੜੇ ਕੱਢੇ ਤੇ ਮਰਿਆ ਸਮਝ ਕੇ ਅੱਗੇ ਚੱਲ ਪਿਆ। ਭਾਗ ਦੇ ਬਚ ਜਾਣ ਬਾਰੇ ਪਤਾ ਲੱਗਣ ਤੇ ਸੁੱਚੇ ਨੇ ਰਾਤ ਨੂੰ ਉਸ ਦੇ ਡੰਗਰ ਪਸ਼ੂ ਖੋਹਲ ਦਿੱਤੇ। ਜਦੋਂ ਘਰ ਵਾਲੇ ਉੱਠ ਕੇ ਪਸ਼ੂ ਬੰਨ੍ਹਣ ਲੱਗੇ ਤਾਂ ਭਾਗ ਨੇ ਕੋਠੇ ਉੱਤੋਂ ਵਰਜਿਆ ਕਿ ਇਹ ਸੁੱਚੇ ਦਾ ਕੰਮ ਹੈ। ਸੁੱਚੇ ਨੇ ਅਵਾਜ਼ ਪਹਿਚਾਣ ਕੇ ਫਾਇਰ ਕਰ ਦਿੱਤਾ। ਦੋ ਕੁ ਛਰੇ ਭਾਗ ਦੇ ਮੱਥੇ ਵਿੱਚ ਵੱਜੇ ਪਰ ਉਹ ਫਿਰ ਬਚ ਗਿਆ। ਇਸ ਤੋਂ ਬਾਅਦ ਪੁਲਿਸ ਤੋਂ ਬਚਣ ਲਈ ਸੁੱਚਾ ਹਰਿਆਣੇ ਦੇ ਪਿੰਡ ਬੀਗੜ ਵਿਖੇ ਸਾਧੂ ਦੇ ਭੇਸ ਵਿੱਚ ਰਹਿਣ ਲੱਗ ਪਿਆ।

ਬੀਗੜ ਵਿੱਚ ਰਹਿੰਦੇ ਸਮੇ ਹੀ ਸੁੱਚੇ ਨੇ ਸੱਤ ਬੁੱਚੜ ਮਾਰ ਕੇ ਗਊਆਂ ਛੁੱਡਵਾਈਆਂ ਸਨ। ਸਾਰੇ ਪੰਜਾਬ ਵਿੱਚ ਸੁੱਚੇ ਦੀ ਬੱਲੇ ਬੱਲੇ ਹੋ ਬਈ। ਸੂਰਮੇ ਦਾ ਖਿਤਾਬ ਉਸ ਦੇ ਨਾਮ ਨਾਲ ਬੁੱਚੜ ਮਾਰਨ ਤੋਂ ਬਾਅਦ ਹੀ ਜੁੜਿਆ ਸੀ। ਇੱਥੋਂ ਭੱਜ ਕੇ ਸੁੱਚਾ ਲਹਿਰਾਗਾਗਾ (ਸੰਗਰੂਰ) ਦੇ ਨਜ਼ਦੀਕੀ ਪਿੰਡ ਸੰਗਤੀਵਾਲਾ ਆਪਣੇ ਇੱਕ ਪਹਿਲਵਾਨ ਦੋਸਤ ਕੋਲ ਚਲਾ ਗਿਆ। ਪਰ ਉਹ ਦੋਸਤ ਗੱਦਾਰ ਨਿਕਲਿਆ, ਉਸ ਨੇ ਧੋਖੇ ਨਾਲ ਸੁੱਚੇ ਨੂੰ ਛਾਜਲੀ ਪਿੰਡ ਦੇ ਜ਼ੈਲਦਾਰ ਮਿਸ਼ਰਾ ਸਿੰਘ ਰਾਹੀਂ ਥਾਣਾ ਸੁਨਾਮ ਦੀ ਪੁਲਿਸ ਨੂੰ ਫੜਾ ਦਿੱਤਾ। ਸੁੱਚੇ ਨੂੰ ਕਤਲ ਕੇਸ ਪਾ ਕੇ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਰਾਤ ਨੂੰ ਸੁਪਨੇ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਦੀ ਛਾਤੀ ਤੇ ਗਊਆਂ ਚੜ੍ਹਦੀਆਂ ਸਨ। ਜਿਸ ਕਾਰਨ ਡਰ ਕੇ ਉਸ ਨੇ ਸੁੱਚੇ ਨੂੰ ਬਰੀ ਕਰ ਦਿੱਤਾ। ਪਰ ਅਸਲ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਰਹਿਮ ਦਿਲ ਰਾਜਾ ਸੀ। ਉਹ ਸੁੱਚੇ ਵੱਲੋਂ ਗਊਆਂ ਛੁੱਡਵਾਉਣ ਤੇ ਫੌਜੀ ਅਫਸਰ ਦੇ ਬੱਚੇ ਬਚਾਉਣ ਵਾਲੇ ਕਾਰਨਾਮੇ ਤੋਂ ਬੜਾ ਪ੍ਰਭਾਵਿਤ ਸੀ। ਉਸ ਨੇ ਸੁੱਚੇ ਨੂੰ ਸਖਤ ਚੇਤਾਵਨੀ ਦੇ ਕੇ ਬਰੀ ਕਰ ਦਿੱਤਾ। ਬਰੀ ਹੋ ਕੇ ਸੁੱਚਾ ਸਮਾਉਂ ਆ ਗਿਆ ਤੇ ਅਰਾਮ ਨਾਲ ਵੱਸਣ ਲੱਗਾ।



ਪਰ ਸੁੱਚੇ ਦੇ ਕਰਮਾਂ ਵਿੱਚ ਰੱਬ ਨੇ ਸ਼ਾਂਤੀ ਨਾਲ ਰਹਿਣਾ ਨਹੀਂ ਸੀ ਲਿਖਿਆ। ਉਸ ਦੇ ਨਾਨਕੇ ਪਿੰਡ ਗਹਿਰੀ ਭਾਗੀ ਵੱਲੋਂ ਲੱਗਦੇ ਭਤੀਜੇ ਸੰਤ ਸਿੰਘ ਨੇ ਫਰਿਆਦ ਕੀਤੀ ਕਿ ਉਸ ਦੀ ਮਾਂ ਰਾਜ ਕੌਰ ਬਦਚਲਣ ਹੋ ਗਈ ਹੈ ਤੇ ਪਿੰਡ ਵਿੱਚ ਹੀ ਬਦਮਾਸ਼ ਗੱਜਣ ਵੈਲੀ ਦੇ ਘਰ ਰਹਿਣ ਲੱਗ ਪਈ ਹੈ। ਰਾਜ ਕੌਰ ਪਿੰਡ ਤੁੰਗਵਾਲੀ, ਬਠਿੰਡਾ ਦੇ ਚੰਦਾ ਸਿੰਘ ਦੀ ਧੀ ਸੀ। ਸੁੱਚੇ ਨੇ ਉਸ ਨੂੰ ਬਹੁਤ ਟਾਲਿਆ ਕਿ ਮੈਂ ਅੱਗੇ ਹੀ ਬੜੇ ਮੁਸ਼ਕਲ ਭਰੇ ਵਕਤ ਵਿੱਚੋਂ ਗੁਜ਼ਰਿਆ ਹਾਂ। ਪਰ ਸੰਤ ਸਿੰਘ ਖਹਿੜੇ ਹੀ ਪੈ ਗਿਆ। ਉਸ ਨੇ ਸੁੱਚੇ ਨੂੰ ਕਿਹਾ ਕਿ ਤੇਰਾ ਇਲਾਕੇ ਵਿੱਚ ਏਨਾ ਨਾਮ ਹੈ ਕਿ ਦਬਕੇ ਨਾਲ ਹੀ ਰਾਜ ਕੌਰ ਤੇ ਗੱਜਣ ਸੁਧਰ ਜਾਣਗੇ। ਸੁੱਚਾ ਮਜਬੂਰ ਹੋ ਗਿਆ ਤੇ ਜਾ ਕੇ ਗੱਜਣ ਤੇ ਰਾਜ ਕੌਰ ਨੂੰ ਦਬਕਾ ਮਾਰ ਆਇਆ। ਸੁੱਚੇ ਤੋਂ ਡਰ ਕੇ ਕੁਝ ਚਿਰ ਤਾਂ ਉਹ ਦੋਵੇਂ ਟਿਕੇ ਰਹੇ, ਪਰ ਜਲਦੀ ਹੀ ਪੁਰਾਣੇ ਚਾਲਿਆਂ ਤੇ ਆ ਗਏ। ਸੰਤ ਸਿੰਘ ਕੋਲੋਂ ਪਤਾ ਲੱਗਣ ਤੇ ਸੁੱਚੇ ਨੇ ਗੱਜਣ ਤੇ ਰਾਜ ਕੌਰ ਨੂੰ ਸਰ੍ਹੋਂ ਵੱਢਦਿਆਂ ਖੇਤਾਂ ਵਿੱਚ ਜਾ ਘੇਰਿਆ। ਉਹਨਾਂ ਨੇ ਊਠ 'ਤੇ ਚੜ੍ਹ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਸੁੱਚੇ ਨੇ ਗੋਲੀਆਂ ਮਾਰ ਕੇ ਗੱਜਣ ਤੇ ਰਾਜ ਕੌਰ ਨੂੰ ਮਾਰ ਮੁਕਾਇਆ। ਇਥੋਂ ਭੱਜ ਕੇ ਸੁੱਚਾ ਹਰਿਆਣੇ ਦੇ ਸ਼ਹਿਰ ਫਤਿਆਬਾਦ ਦੇ ਪਿੰਡ ਕਰਨੌਲੀ ਵਿਖੇ ਫਿਰ ਸਾਧੂ ਦੇ ਭੇਸ ਵਿੱਚ ਰਹਿਣ ਲੱਗ ਪਿਆ। ਪੁਲਿਸ ਦਾ ਜਿਆਦਾ ਦਬਾਅ ਪੈਣ ਕਰ ਕੇ ਹਿਮਾਚਲ ਦੇ ਪਿੰਡ ਨਹੈਣ (ਬੜੂ ਸਾਹਿਬ ਨਜ਼ਦੀਕ) ਚਲਾ ਗਿਆ। ਉਥੇ ਪੁਲਿਸ ਨੇ ਉਸ ਨੂੰ ਪਾਣੀ ਪੀਂਦੇ ਸਮੇ ਹੱਥ ਤੇ ਉਕਰੇ ਨਾਮ ਤੋਂ ਪਛਾਣ ਕੇ ਗ੍ਰਿਫਤਾਰ ਕਰ ਲਿਆ।



ਸੁੱਚੇ ਦੇ ਖਿਲਾਫ ਗੱਜਣ ਤੇ ਰਾਜ ਕੌਰ ਨੂੰ ਮਾਰਨ ਦਾ ਕੇਸ ਚੱਲਿਆ। ਮੌਕੇ ਦੇ ਗਵਾਹ ਗੱਜਣ ਦੇ ਮੁੰਡੇ ਦੀ ਗਵਾਹੀ ਕਾਰਨ ਸੁੱਚੇ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਨਰੈਣੇ ਨੇ ਕੇਸ ਲੜਿਆ ਪਰ ਕਾਮਯਾਬੀ ਨਾ ਮਿਲ ਸਕੀ। ਸੁੱਚੇ ਨੂੰ ਪਿੰਡ ਗਹਿਰੀ ਭਾਗੀ ਗੱਡਾ ਖੜਾ ਕਰ ਕੇ 1907-08 ਵਿੱਚ ਜੰਡ ਦੇ ਦਰਖਤ ਨਾਲ ਫਾਂਸੀ 'ਤੇ ਲਟਕਾਇਆ ਗਿਆ। ਫਾਂਸੀ ਵੇਖਣ ਲਈ ਪਿੰਡ ਸਮਾਉਂ ਤੋਂ ਸੁੱਚੇ ਦੇ ਭਰਾ ਨਰਾਇਣ ਸਿੰਘ ਸਮੇਤ ਕਈ ਲੋਕ ਗਏ ਸਨ। ਫਾਂਸੀ ਲੱਗਣ ਸਮੇ ਸੁੱਚੇ ਨੇ ਨਰੈਣੇ ਨੂੰ ਮਜ਼ਾਕ ਕੀਤਾ ਕਿ ਜੇ ਅੱਜ ਮੇਰੀ ਥਾਂ ਤੈਨੂੰ ਫਾਂਸੀ ਲੱਗਣੀ ਹੁੰਦੀ ਤਾਂ ਮੈਂ ਤੈਨੂੰ ਇਥੋਂ ਵੀ ਛੁਡਵਾ ਕੇ ਲੈ ਜਾਣਾ ਸੀ। ਫਾਂਸੀ ਲੱਗਣ ਵੇਲੇ ਸੁੱਚੇ ਦੀ ਉਮਰ 32-33 ਸਾਲ ਸੀ। ਸੁੱਚੇ ਦਾ ਭਰਾ ਨਰੈਣਾ ਬਜ਼ੁਰਗ ਹੋ ਕੇ 1960 ਅਤੇ ਭਾਗ ਵਿਚੋਲਾ ਕਰੀਬ 90 ਸਾਲ ਦਾ ਹੋ ਕੇ 1965-66 ਦੇ ਲਾਗੇ ਮਰਿਆ। ਦੂਰੋਂ ਦੂਰੋਂ ਲੋਕ ਇਹਨਾਂ ਨੂੰ ਵੇਖਣ ਆਉਂਦੇ ਹੁੰਦੇ ਸਨ। ਭਾਗ ਦੀ ਸੰਤਾਨ ਅਤੇ ਸ਼ਰੀਕਾ ਬਰਾਦਰੀ ਅਜੇ ਵੀ ਪਿੰਡ ਸਮਾਉਂ ਵੱਸਦੀ ਹੈ। ਘੁੱਕਰ ਦਾ ਮੁੰਡਾ ਇੰਦਰ ਸਿੰਘ ਚੋਰੀਆਂ ਚਕਾਰੀਆਂ ਕਰਨ ਲੱਗ ਪਿਆ ਸੀ। ਕੁਝ ਪੁਲਿਸ ਦੇ ਡਰੋਂ ਤੇ ਕੁਝ ਪਿਉ ਦੀ ਬਦਨਾਮੀ ਤੋਂ ਦੁਖੀ ਹੋ ਕੇ ਉਹ ਪਰਿਵਾਰ ਸਮੇਤ ਮਲੇਸ਼ੀਆ ਚਲਾ ਗਿਆ। ਨਰੈਣਾ ਤੇ ਸੁੱਚਾ ਦੋਵੇਂ ਬਿਨਾਂ ਔਲਾਦ ਤੋਂ ਮਰੇ ਸਨ। ਉਸ ਦੀ ਇੱਕ ਭੈਣ ਪਿੰਡ ਚੀਮੇ, ਨਜ਼ਦੀਕ ਸੁਨਾਮ, ਸੰਗਰੂਰ ਵਿਆਹੀ ਹੋਈ ਸੀ। ਸੁੱਚੇ ਹੁਣਾਂ ਦੀ 60-65 ਕਿੱਲੇ ਜ਼ਮੀਨ ਉਸ ਦੀ ਔਲਾਦ ਦੇ ਨਾਮ ਚੜ੍ਹ ਗਈ ਸੀ। ਸੰਤ ਸਿੰਘ, ਜਿਸ ਦੇ ਕਹਿਣ 'ਤੇ ਸੁੱਚੇ ਨੇ ਰਾਜ ਕੌਰ ਤੇ ਗੱਜਣ ਵੈਲੀ ਕਤਲ ਕੀਤੇ ਸਨ, ਨੇ ਸੁੱਚੇ ਸੂਰਮੇ ਦੀ ਸਮਾਧ ਪਿੰਡ ਸਮਾਉਂ ਵਿੱਚ ਤਿਆਰ ਕਰਵਾਈ ਜੋ ਅੱਜ ਵੀ ਮੌਜੂਦ ਹੈ।

Calgary

## 9 ਮਾਰਚ ਤੋਂ, ਪੂਰੇ ਕੈਲਗਰੀ ਵਿੱਚ ਪਾਣੀ ਦੀਆਂ ਪਾਬੰਦੀਆਂ ਲਾਗੂ ਹਨ। ਕਿਰਪਾ ਕਰਕੇ ਪਾਣੀ ਬਚਾਓ।

ਅਸੀਂ ਮੌਜੂਦਾ ਬੇਅਰਸਪੌ ਫੀਡਰ ਮੇਨ ਨੂੰ ਮਜ਼ਬੂਤ ਕਰ ਰਹੇ ਹਾਂ ਤਾਂ ਜੋ ਸਭ ਤੋਂ ਨਾਜ਼ੁਕ ਹਿੱਸਿਆਂ ਨੂੰ ਸਥਿਰ ਕੀਤਾ ਜਾ ਸਕੇ ਅਤੇ ਦਸੰਬਰ ਵਿੱਚ ਨਵੀਂ ਸਟੀਲ ਪਾਈਪ ਤਿਆਰ ਹੋਣ ਤੱਕ ਕਿਸੇ ਹੋਰ ਟੁੱਟ-ਭੱਜ ਦੀ ਸੰਭਾਵਨਾ ਘਟਾਈ ਜਾ ਸਕੇ। ਇਸ ਕੰਮ ਵਿੱਚ ਲਗਭਗ ਚਾਰ ਹਫ਼ਤੇ ਲੱਗਣਗੇ।

ਪਾਬੰਦੀਆਂ ਸਾਰੇ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਕਿਉਂਕਿ ਅਸੀਂ ਪੂਰੇ ਸ਼ਹਿਰ ਅਤੇ ਖੇਤਰ ਨੂੰ ਪਾਣੀ ਦੀ ਸਪਲਾਈ ਲਈ ਮੁੱਖ ਤੌਰ 'ਤੇ ਸਿਰਫ਼ ਇੱਕ ਹੀ ਵਾਟਰ ਟ੍ਰੀਟਮੈਂਟ ਪਲਾਂਟ 'ਤੇ ਨਿਰਭਰ ਕਰ ਰਹੇ ਹਾਂ। ਇਸ ਸਮੇਂ ਦੌਰਾਨ ਬਾਹਰੀ ਪਾਣੀ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ ਅਤੇ ਘਰ ਦੇ ਅੰਦਰ ਪਾਣੀ ਦੀ ਬੱਚਤ ਕਰਨ ਦੀ ਲੋੜ ਹੈ।

calgary.ca/savewater 'ਤੇ ਹੋਰ ਜਾਣੋ।

26-0053877 | CRV-44933

ਹਰ **ਫਲੱਸ਼** ਮਾਇਨੇ ਰੱਖਦਾ ਹੈ | ਹਰ **ਮਿੰਟ** ਮਾਇਨੇ ਰੱਖਦਾ ਹੈ | ਹਰ **ਲੋਡ** ਮਾਇਨੇ ਰੱਖਦਾ ਹੈ | ਹਰ **ਸਾਈਕਲ** ਮਾਇਨੇ ਰੱਖਦਾ ਹੈ



ਲੋੜ ਪੈਣ 'ਤੇ ਹੀ ਫਲੱਸ਼ ਕਰੋ। | ਨਹਾਉਣ ਦਾ ਸਮਾਂ 3 ਮਿੰਟ ਜਾਂ ਘੱਟ ਰੱਖੋ। | ਪੂਰਾ ਲੋਡ ਚਲਾਓ। | ਪੂਰੇ ਲੋਡ ਧੋਵੋ।



Homestead

partners
Development Group

## ਘਰ ਨੂੰ ਪਿਆਰ
## ਜੀਵਨਸ਼ੈਲੀ ਨੂੰ ਪਿਆਰ
## ਕੀਮਤਾਂ ਨੂੰ ਪਿਆਰ




### ਅਸਲੀ ਕੀਮਤ ਇੱਥੇ ਹੈ ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

**ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:**

- 4 ਕਿਲੋਮੀਟਰ ਪੈਦਲ ਰਸਤੇ
- 19 ਏਕੜ ਕੁਦਰਤੀ ਵੈਟਲੈਂਡ
- ਖੇਡ ਦੇ ਮੈਦਾਨ ਅਤੇ ਖੇਡ ਕੋਰਟ
- ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ

**Duplex Homes**
FROM THE HIGH $490s
Partners Homes

**Rear Laned Homes**
FROM THE MID $500s
Excel Homes & Trico Homes

**Front Drive Homes**
FROM THE HIGH $600s
Excel Homes, Genesis Builders & Trico Homes

Visit our stylish showhomes today

Homestead
plant your roots

Find maps, hours, builders and more at LiveInHomestead.ca


partners Development Group
ਸਾਨੂੰ ਲੱਗਦਾ ਹੈ ਕਿ ਤੁਸੀਂ ਸਹਿਮਤ ਹੋਵੋਗੇ:
ਸਾਡਾ ਛੋਟਾ ਭਾਈਚਾਰਾ
ਇੱਕ ਬਹੁਤ ਵੱਡੇ ਜੰਪ
ਦੀ ਪੇਸ਼ਕਸ਼ ਕਰਦਾ ਹੈ
IN HOME & LIFESTYLE
Keystone Creek:
ਇੱਥੇ ਜ਼ਿੰਦਗੀ ਸੁਹਜ, ਸੰਪਰਕ ਅਤੇ ਸਹੂਲਤ ਨਾਲ ਭਰਪੂਰ ਹੈ।
ਨੋਜ਼ ਕਰੀਕ ਦੇ ਨਾਲ ਸਥਿਤ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕਰੀਕ ਨੌਰਥ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਰਾਜ਼ ਹੈ। ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਅਤੇ ਕਿਫਾਇਤੀ ਢੰਗ ਨਾਲ ਡਿਲੀਵਰ ਕੀਤਾ ਗਿਆ, ਇਸ ਬੁਟੀਕ ਕਮਿਊਨਿਟੀ ਵਿੱਚ ਸਿਰਫ਼ ਤਿੰਨ ਪੜਾਅ ਹਨ, ਜੋ ਇਸਨੂੰ ਪ੍ਰਾਪਤ ਕਰਨ ਦੇ ਬਰਾਬਰ ਵਿਸ਼ੇਸ਼ ਬਣਾਉਂਦੇ ਹਨ।
ਭਾਵੇਂ ਤੁਸੀਂ ਨਵੀਂ ਸ਼ੁਰੂਆਤ ਕਰ ਰਹੇ ਹੋ, ਉੱਪਰ ਜਾ ਰਹੇ ਹੋ, ਜਾਂ ਸਮਾਰਟ ਆਕਾਰ ਘਟਾ ਰਹੇ ਹੋ, ਕੀਸਟੋਨ ਕਰੀਕ ਕੋਨੇ ਕੱਟੇ ਬਿਨਾਂ ਅਸਲ ਮੁੱਲ ਪ੍ਰਦਾਨ ਕਰਦਾ ਹੈ। ਅੱਜ ਹੀ ਸਾਡੇ ਨਾਲ ਮੁਲਾਕਾਤ ਕਰੋ।
COME TOUR 6 SHOWHOMES
FIND YOUR NEW NORTH
STREET TOWNS FROM THE $460s Partners Homes
REAR LANED DUPLEXES FROM THE $530s Partners Homes
REAR LANED HOMES FROM THE $575s Genesis Builders & NuVista Homes
FRONT DRIVE HOMES FROM THE $675s Genesis Builders & NuVista Homes
MODERN STYLE MEETS EVERYDAY EASE
Nestled beside Nose Creek
Playgrounds & green spaces
Pathways connected to the Rotary Greenway
Easy access to Stoney Trail & Deerfoot Trail
YOUR STYLE. YOUR SPACE. YOUR NORTH.
START YOUR HOME SEARCH HERE
Find maps and more at KeystoneCreek.ca
KEYSTONE CREEK
a partners community


VANTAGE RISE
Townhomes FROM THE LOW $500s
Laned Homes FROM THE HIGH $500s
Front Garage FROM THE LOW $700s
ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ
PHASE 1 PRE-SALES NOW UNDERWAY!
ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
Yankee Valley Blvd
24 St SW
Range Rd 13
to Calgary
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTHBOW LANDING
ਕੋਕਰੇਨ ਦਾ ਰਹਿਣ ਸਹਿਣ,
ਆਰਾਮ ਨਾਲ ਤੁਹਾਡੀ ਪਹੁੰਚ ਵਿੱਚ
ਇੱਕ ਸ਼ਾਨਦਾਰ ਲੈਂਡਸਕੇਪ ਦੇ ਕੇਂਦਰ ਵਿੱਚ ਸਥਿਤ, ਸਾਊਥਬੋਅ ਲੈਂਡਿੰਗ ਉਨ੍ਹਾਂ ਲੋਕਾਂ ਲਈ ਇੱਕ ਪਵਿੱਤਰ ਸਥਾਨ ਹੈ ਜੋ ਪਹਾੜਾਂ ਅਤੇ ਨਦੀ ਦੇ ਨੇੜਤਾ ਨੂੰ ਮਹੱਤਵ ਦਿੰਦੇ ਹਨ। ਇਹ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਕੁਦਰਤ ਅਤੇ ਭਾਈਚਾਰਾ ਇਕੱਠੇ ਹੁੰਦੇ ਹਨ, ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਉਂਦੇ ਹਨ ਜੋ ਜ਼ਮੀਨੀ ਅਤੇ ਉੱਚਾ ਦੋਵੇਂ ਮਹਿਸੂਸ ਕਰਦੀ ਹੈ।
ਸਾਊਥਬੋਅ ਲੈਂਡਿੰਗ ਵਿੱਚ ਕਿਫਾਇਤੀ ਨਵੇਂ ਘਰਾਂ ਦੀ ਖੋਜ ਕਰੋ
Laned Duplexes from the High $400s
Laned Homes from the Low $500s
Front Garage Duplexes from the Mid $500s
Front Garage Homes from the High $500s
SOUTHBOW
ਆਪਣਾ ਘਰ ਇੱਥੇ ਲੱਭੋ
southbowlanding.com
• Daytona Homes • Broadview Homes • Sterling Homes
• Douglas Homes • Trico Homes • NuVista Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities






# ਸੰਸਾਰ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੀ ਲਿਖੀ ਫ਼ਿਲਮ "ਬੇਗੋ" ਚਰਚਾ ਵਿੱਚ

ਸ਼ਿਵਚਰਨ ਜੱਗੀ ਕੁੱਸਾ ਦੀ ਨਾਵਲ ਖੇਤਰ ਵਿੱਚ 'ਸਰਦਾਰੀ' ਹੈ। ਇਸ ਗੱਲ ਦੀ ਸ਼ਾਹਦੀ ਖ਼ੁਦ ਪਬਲਿਸ਼ਰ ਵੀ ਭਰਦੇ ਹਨ ਕਿ ਨਾਵਲਕਾਰਾਂ ਵਿੱਚੋਂ ਸਭ ਤੋਂ ਵੱਧ ਪੈਸਾ ਜੱਗੀ ਕੁੱਸਾ ਨੂੰ ਮਿਲਦਾ ਹੈ। ਉਹ ਆਪਣੇ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਨਾਲ ਤੂਫ਼ਾਨ ਬਣ ਕੇ ਆਇਆ ਅਤੇ ਅੱਜ ਤੱਕ ਝੱਖੜ ਵਾਂਗ ਝੁੱਲ ਰਿਹਾ ਹੈ। ਉਸ ਦੇ ਕੁੱਝ ਚਰਚਿਤ ਨਾਵਲ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਅਨੁਵਾਦ ਹੋ ਚੁੱਕੇ ਹਨ ਅਤੇ ਐਮਾਜ਼ੋਨ ਵਰਗੀਆਂ ਸਾਈਟਾਂ ਉੱਪਰ ਵੀ ਉੱਪਲੱਭਦ ਹਨ।




ਬਹੁ-ਚਰਚਿਤ ਫ਼ਿਲਮਾਂ "ਸਾਡਾ ਹੱਕ" ਅਤੇ "ਤੁਫ਼ਾਨ ਸਿੰਘ" ਤੋਂ ਸ਼ੁਰੂ ਹੋ ਕੇ 2010 ਵਿੱਚ ਜੱਗੀ ਕੁੱਸਾ ਨੇ ਫ਼ਿਲਮੀ ਖੇਤਰ ਵਿੱਚ ਪੈਰ ਰੱਖਿਆ ਅਤੇ ਮੁੜ ਪਿੱਛੇ ਨਹੀਂ ਦੇਖਿਆ। 26 ਨਾਵਲਾਂ ਸਮੇਤ 50 ਕਿਤਾਬਾਂ ਦੇ ਲੇਖਕ ਜੱਗੀ ਕੁੱਸਾ ਦੀ 'ਮਹੰਤ-ਜਨਾਂ' ਉੱਪਰ ਲਿਖੀ ਉਸ ਦੀ ਆਉਣ ਵਾਲੀ ਸਿਨੇਮਾਂ ਫ਼ਿਲਮ "ਬੇਗੋ" ਅੱਜ-ਕੱਲ੍ਹ ਬੜੀ ਚਰਚਾ ਵਿੱਚ ਹੈ, ਜਿਸ ਨੂੰ "ਯੁੱਗ ਫ਼ਿਲਮ ਸਟੂਡੀਉ" ਦੇ ਐੱਮ.ਪੀ. ਨਿਹਾਲੇ ਵਾਲੀਆ, ਸ਼ੇਰਾ ਧੂੜਕੋਟ ਅਤੇ ਦਿਲਵੀਰ ਸਿੰਘ ਹੋਰਾਂ ਨੇ ਪ੍ਰੋਡਿਊਸ ਕੀਤਾ ਹੈ। ਇਸ ਦੇ ਡਾਇਰੈਕਟਰ ਲਵਲੀ ਸ਼ਰਮਾ ਜੀ ਅਤੇ ਪ੍ਰਾਜੈਕਟ ਹੈੱਡ ਕਾਬਲ ਗਿੱਲ ਹਨ। ਇਸ ਵਿੱਚ ਗਿਰਜਾ ਸ਼ੰਕਰ, ਕੁਲ ਸਿੱਧੂ, ਮੈਡਮ ਕੁਲਵੰਤ ਖੁਰਮੀ, ਡੈਵੀ ਸਿੰਘ, ਨਗਿੰਦਰ ਗੱਖੜ, ਪਾਲੀ ਸੰਧੂ, ਰੂਪ ਸੰਧੂ, ਮਨਪ੍ਰੀਤ ਸਿੱਧੂ, ਰਮਣੀਕ ਸ਼ਰਮਾ, ਹੈਪੀ ਪ੍ਰਿੰਸ, ਗੁਰਪ੍ਰੀਤ ਤੋਤੀ ਅਤੇ ਐਂਜਲੀਨਾ ਰਾਜਪੂਤ ਵਰਗੇ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਸ ਦੇ ਗੀਤ ਕਮਲ ਖ਼ਾਨ, ਫ਼ਿਰੋਜ਼ ਖ਼ਾਨ, ਨਛੱਤਰ ਗਿੱਲ, ਜੋਤੀ ਨੂਰਾਂ ਅਤੇ ਸਿਮਰਨ ਭਾਰਦਵਾਜ ਨੇ ਗਾਏ ਹਨ। ਇਸ ਫਿਲਮ ਦੇ ਗੀਤ ਗੱਗੂ ਧੂੜਕੋਟ ਨੇ ਲਿਖੇ ਹਨ ਅਤੇ ਇਸ ਦਾ ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ। ਇਹ ਫ਼ਿਲਮ ਜਲਦੀ ਹੀ ਸਿਨੇਮਾਂ ਘਰਾਂ ਦਾ ਸ਼ਿੰਗਾਰ ਬਣੇਗੀ। ਜਾਂਦੇ-ਜਾਂਦੇ ਦੱਸਦੇ ਜਾਈਏ ਕਿ ਸ਼ਿਵਚਰਨ ਜੱਗੀ ਕੁੱਸਾ ਦਾ ਲਿਖਿਆ ਅਗਲਾ ਵੱਡਾ ਪ੍ਰਾਜੈਕਟ "ਇੱਕ ਸੀ ਲਾਲੀ" ਦਾ ਐਲਾਨ ਵੀ ਹੋ ਚੁੱਕਾ ਹੈ, ਜਿਸ ਦੀ 80 ਪ੍ਰਤੀਸ਼ਤ ਸ਼ੂਟਿੰਗ ਮਈ-ਜੂਨ ਮਹੀਨੇ ਇੰਗਲੈਂਡ ਵਿੱਚ ਕੀਤੀ ਜਾਵੇਗੀ।

ਮਨਦੀਪ ਖੁਰਮੀ ਹਿੰਮਤਪੁਰਾ ਲੰਡਨ








# ਤੁਰ ਗਿਆ ਤਵਿਆਂ ਵਾਲਾ 'ਗੁਰਮੁੱਖ ਸਿੰਘ ਲਾਲੀ'



**ਸੁਰਜੀਤ ਜੱਸਲ**
**9814607737**

ਮਨੁੱਖ ਮੁੱਢ -ਕਦੀਮੋਂ ਹੀ ਜ਼ਿੰਦਗੀ ਦਾ ਆਸ਼ਕ ਰਿਹਾ ਹੈ। ਆਪਣੇ ਸ਼ੌਕ ਲਈ ਬੰਦਾ ਕੀ-ਕੀ ਨਹੀਂ ਕਰਦਾ। ਹਿੰਮਤ ਅਤੇ ਲਗਨ ਵਾਲਾ ਜਨੂੰਨੀ ਇਨਸਾਨ ਹਰ ਅਸੰਭਵ ਨੂੰ ਸੰਭਵ ਕਰਕੇ ਹੀ ਸਾਹ ਲੈਂਦਾ ਹੈ। ਅਜਿਹੇ ਜਨੂਨੀ ਬੰਦੇ, ਲੋਕਾਂ ਦੀਆਂ ਗੱਲਾਂ ਦੀ ਪਰਵਾਹ ਨਹੀਂ ਕਰਦੇ। ਉਹ ਮਸਤ ਚਾਲੇ ਆਪਣੇ ਕੰਮ ਵਿੱਚ ਲੱਗੇ ਰਹਿੰਦੇ ਹਨ।

ਗੁਰਮੁੱਖ ਸਿੰਘ ਲਾਲੀ ਇੱਕ ਉਹ ਸੰਗੀਤ ਪ੍ਰੇਮੀ ਸੀ ਜਿਸਨੇ ਸੰਗੀਤ ਦੇ ਉਸ ਦੌਰ ਨੂੰ ਸੰਭਾਲਿਆ ਜਿਸ ਬਾਰੇ ਅੱਜ ਦੀ ਨਵੀਂ ਪਨੀਰੀ ਅਨਜਾਣ ਹੈ। ਸੰਗੀਤ ਦੇ ਬਦਲੇ ਦੌਰ ਨੂੰ ਸੰਭਾਲ਼ਣ ਦਾ ਉਦਮ ਕਰਦਿਆਂ ਉਸਨੇ ਇੱਕ ਵਿਸ਼ਾਲ ਸੰਗੀਤਕ ਲਾਇਬਰੇਰੀ ਦਾ ਨਿਰਮਾਣ ਕੀਤਾ।ਜਿਸ ਵਿਚ ਬੀਤੇ ਦੌਰ ਦੇ ਪੰਜਾਬੀ, ਹਿੰਦੀ ਅਤੇ ਹੋਰ ਭਾਸ਼ਾਵਾਂ ਦੇ ਵੱਖ-ਵੱਖ ਨਾਮਵਰ ਕਲਾਕਾਰਾਂ ਵੱਲੋਂ ਗਾਏ ਗੀਤ, ਸ਼ਬਦ, ਕਵਾਲੀਆਂ, ਢਾਡੀ ਵਾਰਾਂ ਦੇ ਰਿਕਾਰਡ ਤਵਿਆਂ ਦੀਆਂ ਵੱਖ ਵੱਖ ਵੰਨਗੀਆਂ ਪੱਥਰ, ਲਾਖ ਤੇ ਪਲਾਸਟਿਕ ਦੇ ਰਿਕਾਰ ?ਡ ਤਵਿਆਂ ਸਮੇਤ ਪੁਰਾਣੇ ਰੇਡੀਓ, ਗਰਾਮੋਫੋਨ ਅਤੇ ਦੁਰਲਭ ਸਪੀਕਰ ਸੰਭਾਲੇ। ਜਿਨਾਂ ਵਿੱਚ ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਸ਼ਮਸ਼ਾਦ ਬੇਗਮ, ਮੁਹੰਮਦ ਰਫੀ, ਕੇ ਐਲ ਸਹਿਗਲ, ਅਮਰ ਸਿੰਘ ਸ਼ੌਕੀ, ਚਾਂਦੀ ਰਾਮ ਚਾਂਦੀ, ਆਸ਼ਾ ਸਿੰਘ, ਆਸ਼ਾ ਸਿੰਘ ਮਸਤਾਨਾ, ਲਾਲ ਚੰਦ ਜਮਲਾ ਜੱਟ ਆਦਿ ਗਾਇਕ, ਢਾਡੀ ਤੋਂ ਇਲਾਵਾ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਡਾਕਟਰ ਰਜਿੰਦਰ ਪ੍ਰਸਾਦ, ਡਾਕਟਰ ਰਾਧਾ ਕ੍ਰਿਸ਼ਨ, ਡਾਕਟਰ ਜਾਕਰ ਹੁਸੈਨ, ਸੁਭਾਸ਼ ਚੰਦਰ ਬੋਸ, ਰਵਿੰਦਰ ਨਾਥ ਟੈਗੋਰ ,ਇਬ੍ਰਾਹੀਮ ਲਿੰਕਨ, ਤਾਨਾਸ਼ਾਹੀ ਹਿਲਟਰ, ਦਾ ਭਾਸ਼ਣ ਵੀ ਮੌਜੂਦ ਹਨ। ਇਨਾਂ ਹੀ ਨਹੀਂ ਉਹਨਾਂ ਸ਼ਿਵ ਕੁਮਾਰ ਬਟਾਲਵੀ ਅੰਮ੍ਰਿਤਾ ਪ੍ਰੀਤਮ, ਸੰਤ ਰਾਮ ਉਦਾਸੀ ਆਦਿ ਆਵਾਜ਼ ਨੂੰ ਵੀ ਸੰਭਾਲਿਆ ਹੋਇਆ ਹੈ ਸ਼ਿਵ ਕੁਮਾਰ ਬਟਾਲਵੀ ਅੰਮ੍ਰਿਤਾ ਪ੍ਰੀਤਮ, ਸੰਤ ਰਾਮ ਉਦਾਸੀ ਆਦਿ ਆਵਾਜ਼ਾਂ ਵੀ ਮਹਿਫੂਜ ਹਨ। ਉਸ ਦਾ ਮੰਤਵ ਆਪਣੀ ਸੰਗੀਤਕ ਪੂਰਤੀ ਦੇ ਨਾਲ ਨਾਲ ਅਜੋਕੀ ਪੀੜੀ ਨੂੰ ਪੁਰਾਣੇ ਗੀਤਾਂ ਅਤੇ ਨਾਮਵਰ ਕਲਾਕਾਰਾਂ ਨਾਲ ਜਾਣੂ ਕਰਵਾਉਣਾ ਸੀ।

ਅਕਸਰ ਵੇਖਦੇ ਹਾਂ ਕਿ ਪੁਸਤਕਾਂ ਦੀਆਂ ਲਾਈਬ੍ਰੇਰੀਆਂ ਤਾਂ ਹਰੇਕ ਪਿੰਡ,ਸ਼ਹਿਰ, ਕਾਲਜ, ਯੂਨੀਵਰਸਿਟੀਆਂ ਵਿੱਚ ਹੁੰਦੀਆਂ ਹਨ ਪਰ ਰੂਹ ਨੂੰ ਸਕੂਨ ਦੇਣ ਵਾਲੀਆਂ ਸੰਗੀਤਕ ਲਾਇਬ੍ਰੇਰੀਆਂ ਕਿਤੇ ਵੀ ਨਹੀਂ ਮਿਲਦੀਆਂ। ਗੁਰਮੁੱਖ ਸਿੰਘ ਲਾਲੀ ਨੇ ਆਪਣੇ ਮਰਹੂਮ ਪਿਤਾ ਜੀ ਦੀ ਯਾਦ ਵਿੱਚ ਬਣਾਈ ਇਸ ਜਥੇਦਾਰ ਪ੍ਰਗਟ ਸਿੰਘ ਪੰਜਾਬੀ ਸੰਗੀਤਕ ਲਾਇਬ੍ਰੇਰੀ ਵਿੱਚ ਪੱਚੀ ਹਜ਼ਾਰ ਤੋਂ ਵੱਧ ਰਿਕਾਰਡ ਤਵੇ, ਦਰਜਨਾਂ ਗਰਾਮੋਫੋਨ ਮਸ਼ੀਨਾਂ, ਰਿਕਾਰਡ ਪਲੇਅਰ, ਵੱਖ-ਵੱਖ ਦੇਸ਼ਾਂ ਦੇ ਬਣੇ ਮਹਿੰਗੇ ਰੇਡੀਓ ਸੈਟ ਅਤੇ ਸੰਗੀਤ ਜਗਤ ਨਾਲ ਹੋਰ ਅਨੇਕਾਂ ਵੱਡਮੁੱਲੀਆਂ ਦੁਰਲੱਭ ਚੀਜ਼ਾਂ ਮੌਜੂਦ ਹਨ।

ਆਮ ਪ੍ਰਚੱਤ ਗਾਇਕਾਂ ਤੋਂ ਇਲਾਵਾ ਇਸ ਲਾਇਬ੍ਰੇਰੀ ਵਿਚ ਉਹ ਗਾਇਕਾਂ ਦੇ ਗੀਤ ਵੀ ਹਨ ਜੋ ਵੰਡ ਤੋਂ ਕਿਤੇ ਪਹਿਲਾਂ ਦੇ ਹਨ। ਪਾਕਿਸਤਾਨ ਦੇ ਮੁੱਢਲੇ ਗਵੱਈਏ, ਢਾਡੀ, ਗਜ਼ਲਗੋ ਦੀਆਂ ਦੁਰਲੱਭ ਰਿਕਾਰਡਿੰਗਾਂ ਇਸ ਲਾਇਬ੍ਰੇਰੀ ਵਿੱਚ ਸੁਣੀਆਂ ਜਾ ਸਕਦੀਆਂ ਹਨ। ਸਾਡੇ ਅੱਜ ਦੇ ਸਰੋਤੇ ਲਾਲ ਚੰਦ ਯਮਲਾ, ਕੁਲਦੀਪ ਮਾਣਕ, ਚਾਂਦੀ ਰਾਮ ਚਾਂਦੀ ਦੀ ਗਾਇਕੀ ਤੋਂ ਪਹਿਲਾਂ ਦੇ ਗਾਇਕਾਂ ਨੂੰ ਨਹੀਂ ਜਾਣਦੇ ਹੋਣਗੇ ਪਰ ਲਾਲੀ ਦੀ ਇਸ ਲਾਇਬਰੇਰੀ ਵਿੱਚ ਆ ਕੇ ਉਸਨੂੰ ਅਜਿਹੇ ਗਾਇਕਾਂ ਦੇ ਗੀਤ ਵੀ ਸੁਣਨ ਨੂੰ ਮਿਲਣਗੇ ਜਿਸ ਬਾਰੇ ਕਿਸੇ ਨੇ ਸੁਣਿਆ ਵੀ ਨਹੀਂ ਹੋਵੇਗਾ। ਗੁਰਮੁੱਖ ਸਿੰਘ ਲਾਲੀ ਦੇ ਪਿਤਾ ਜੀ ਜਥੇਦਾਰ ਪ੍ਰਗਟ ਸਿੰਘ ਸਿਆਸੀ ਬੰਦੇ ਸੀ। ਉਹ ਅਖਬਾਰਾਂ ਦੇ ਨਾਲ ਨਾਲ ਰੇਡੀਓ ਤੋਂ ਖਬਰਾਂ ਸੁਣਦੇ ਰਹਿੰਦੇ ਸੀ। ਇਸੇ ਰੇਡੀਓ ਤੋਂ ਲਾਲੀ ਨੂੰ ਗੀਤ ਸੁਣਨ ਦਾ ਭੁਸ ਪੈ ਗਿਆ। ਜਵਾਨੀ ਉਮਰੇ ਲਾਲੀ ਨੂੰ ਗੀਤਾਂ ਦੀਆਂ ਕੈਸਟਾਂ ਲਿਆ ਕੇ ਟੇਪ ਰਿਕਾਰਡ 'ਚ ਸੁਣਨਾ ਚੰਗਾ ਲੱਗਦਾ ਸੀ। ਉਸਨੇ ਨਵੇਂ ਪੁਰਾਣੇ ਗਾਇਕਾਂ ਦੀਆਂ ਅਨੇਕਾਂ ਕੈਸਟਾਂ ਲਿਆਂਦੀਆਂ ਪਰ ਕੁਝ ਸਮੇਂ ਬਾਅਦ ਇਸਦਾ ਫੀਤਾ ਖਰਾਬ ਹੋ ਜਾਂਦਾ ਅਤੇ ਉਸਨੂੰ ਮੁੜ ਰਿਕਾਰਡ ਕਰਾਉਣਾ ਪੈਂਦਾ।




ਲਾਲੀ ਨੇ ਆਪਣੇ ਇਹ ਸੰਗੀਤ ਭੰਡਾਰ ਦੀ ਸ਼ੁਰੂਆਤ 1977 ਵਿੱਚ ਕੀਤੀ ਪਹਿਲਾਂ ਪਹਿਲ ਉਸਨੇ ਕੈਸਟਾਂ ਇਕੱਤਰ ਕੀਤੀਆਂ ਜੋ ਹਿੰਦੀ ਅਤੇ ਪੰਜਾਬੀ ਦੀਆਂ ਸਨ ਬਾਅਦ ਵਿੱਚ ਉਸਨੇ ਰਿਕਾਰਡ ਪਲੇਅਰ ਅਤੇ ਰਿਕਾਰਡ ਇਕੱਠੇ



ਕਰਨੇ ਸ਼ੁਰੂ ਕੀਤੇ।ਨਿੱਤ-ਨਵੇਂ ਤਵਿਆਂ ਦੀ ਚੇਟਕ ਉਸ ਨੂੰ ਹਰੇਕ ਛੋਟੀ ਵੱਡੀ ਦੁਕਾਨ ਤੱਕ ਲੈ ਗਈ। ਹੌਲੀ ਹੌਲੀ ਇਹ ਸਿਲਸਿਲਾ ਵੱਧਦਾ ਗਿਆ ਤਾਂ ਘਰੋਂ ਲਾਲੀ ਦੇ ਇਸ ਸ਼ੌਕ ਨੂੰ ਝਿੜਕਾਂ ਪੈਣ ਲੱਗੀਆਂ। ਫਿਰ ਜਦ ਉਸਦੀ ਨੌਕਰੀ ਲੱਗੀ ਤਾਂ ਉਸਨੇ ਕਿਸੇ ਦੀ ਪਰਵਾਹ ਨਾ ਕੀਤੀ ਉਹ ਆਪਣੇ ਇਸ ਸ਼ੌਕ ਦੀ ਪੂਰਤੀ ਲਈ ਦੂਰ-ਦੁਰਾਡੇ ਜਾਣ ਲੱਗਿਆ। ਉਸਦੇ ਇਹ ਹਾਲਾਤ ਵੇਖ ਬਹੁਤੇ ਲੋਕਾਂ ਨੇ ਘਰ ਫੂਕ ਤਮਾਸ਼ਾ ਵੇਖਣਾ ਕਿਹਾ ਕਿਉਂਕਿ ਉਹ ਆਪਣੀ ਅੱਧੀ ਤੋਂ ਵੱਧ ਤਨਖਾਹ ਇਸ ਸ਼ੌਕ ਵਿੱਚ ਹੀ ਖ਼ਰਚ ਦਿੰਦਾ ਸੀ ਪਰ ਅੱਜ ਉਸ ਦੀ ਵਿਸ਼ਾਲ ਲਾਈਬ੍ਰੇਰੀ ਵਿੱਚ ਪਏ ਪੁਰਾਣੇ ਸੰਗੀਤ ਦੇ ਮਾਸਟਰਪੀਸ ਤਵੇ ਹੀ ਉਸਦੀ ਉਮਰ ਭਰ ਦੀ ਕਮਾਈ ਹਨ। ਉਸ ਕੋਲ 1902 ਤੋਂ ਲੈ ਕੇ ਹੁਣ ਤੱਕ ਦੇ ਤਕਰੀਬਨ ਸਾਰੇ ਹੀ ਗਾਇਕਾਂ ਦੇ ਰਿਕਾਰਡ ਹਨ ਜੋ ਕਿ ਸੰਗੀਤ ਜਗਤ ਦੀ ਕਰੀਮ ਕਹਿ ਸਕਦੇ ਹਾਂ ਪਰ ਇਹ ਉਹ ਗੀਤ ਹਨ ਜੋ ਕਿ ਸਾਡੇ ਸਰੋਤਿਆਂ ਨੂੰ, ਸਾਡੇ ਸਮਾਜ ਨੂੰ ਕੋਈ ਸੇਧ ਦੇਣ ਵਾਲੀਆਂ ਗੱਲਾਂ ਕਹਿੰਦੇ ਹਨ। ਭਾਈ ਸ਼ੈਲਾ ਜੀ, ਰਿਪਦੁਮਨ ਸ਼ੈਲੀ,ਜੀਨਤ ਬੇਗਮ,ਭਾਈ ਆਗਾ ਫ਼ੈਜ਼,ਭਾਈ ਕੱਲੂ ਜੀ, ਭਾਈ ਲੱਭੂ ,ਢਾਡੀ ਇਮਾਨਦੀਨ, ਵਰਗੇ ਅਨੇਕਾਂ ਪੁਰਾਣੇ ਗਾਇਕਾਂ ਦੇ ਰਿਕਾਰਡ ਤਵੇ ਉਸਦੀ ਲਾਇਬਰੇਰੀ ਦੇ ਵਿੱਚ ਸੰਭਾਲੇ ਹੋਏ ਹਨ। ਇਹ ਗੀਤ ਉਸਦੀ ਮੁੱਢਲੀ ਖੋਜ ਹਨ। ਇਸ ਤੋਂ ਇਲਾਵਾ ਪਹਿਲੀ ਕਲੀ ਗਾਉਣ ਵਾਲੇ ਅੱਲਾ ਦੱਤਾ ਪਾਰਟੀ ਦੀ ਸੌ ਸਾਲ ਪੁਰਾਣੀ ਕਲੀ ਦਾ ਰਿਕਾਰਡ ਵੀ ਲਾਲੀ ਕੋਲ ਸੰਭਾਲਿਆ ਪਿਆ ਹੈ। ਇਸ ਤੋਂ ਇਲਾਵਾ ਸਭ ਤੋਂ ਪਹਿਲਾਂ ਰਿਕਾਰਡ ਹੋਇਆ ਸਿਲੰਡਰ ਰਿਕਾਰਡ ਵੀ ਹੈ ਜੋ ਇਕ ਵੱਖਰੀ ਤਰ੍ਹਾਂ ਦੀ ਮਸ਼ੀਨ 'ਤੇ ਚੱਲਦਾ ਹੈ। ਇਸ ਤੋਂ ਇਲਾਵਾ ਪਲਾਸਟਿਕ ਅਤੇ ਪੱਥਰ ਦੇ ਅਤੇ ਲਾਖ ਦੇ ਅਨੇਕਾਂ ਰਿਕਾਰਡ ਉਸ ਦੀ ਲਾਇਬਰੇਰੀ ਵਿੱਚ ਮੌਜੂਦ ਹਨ। ਇਸ ਲਾਇਬਰੇਰੀ ਤੋਂ ਜਾਣਕਾਰੀ ਲੈ ਕੇ ਅਨੇਕਾਂ ਵਿਦਿਆਰਥੀ ਪੀ ਐਚ ਡੀ ਕਰ ਚੁੱਕੇ ਹਨ ਅਤੇ ਹੋਰ ਸੰਗੀਤਕ ਖੋਜਾਂ ਕਰਨ ਵਾਲੇ ਉਸ ਕੋਲ ਆਉਂਦੇ-ਜਾਂਦੇ ਰਹਿੰਦੇ ਸਨ।

ਗੁਰਮੁੱਖ ਸਿੰਘ ਲਾਲੀ ਬਹੁਤ ਹੀ ਮਿਲਾਪੜੇ ਸੁਭਾਅ ਦਾ ਸਾਫ਼ ਦਿਲ ਬੰਦਾ ਸੀ ਇਹੋ ਕਾਰਨ ਸੀ ਕਿ ਉਸਦੇ ਦੋਸਤਾਂ-ਮਿੱਤਰਾਂ ਦਾ ਘੇਰਾ ਕਾਫ਼ੀ ਵਿਸ਼ਾਲ ਸੀ। ਸੰਗੀਤ ਪ੍ਰੇਮੀ, ਰਾਜਨੀਤਿਕ, ਸਰਕਾਰੀ, ਗੈਰ-ਸਰਕਾਰੀ, ਪੰਚ- ਸਰਪੰਚ ਆਦਿ ਹਰ ਵਰਗ ਦੇ ਛੋਟੇ-ਵੱਡੇ ਲੋਕਾਂ ਨਾਲ ਉਸਦੀ ਉੱਠਣੀ-ਬੈਠਣੀ ਸੀ। ਉਸਦਾ ਪਿਤਾ ਜਥੇਦਾਰ ਸ੍ਰ ਪ੍ਰਗਟ ਸਿੰਘ ਆਪਣੇ ਸਮੇਂ ਵਿੱਚ ਸਿਆਸੀ ਨੇਤਾ ਸੁਰਜੀਤ ਸਿੰਘ ਬਰਨਾਲਾ ਦੀ ਸੱਜੀ ਬਾਂਹ ਹੁੰਦਾ ਸੀ। ਉਸਨੇ 38 ਸਾਲ ਸਰਪੰਚੀ ਕੀਤੀ।. ਚੰਗੇ-ਮਾੜੇ ਦਿਨਾਂ ਵਿੱਚ ਉਹ ਲੋਕਾਂ ਦੇ ਨਾਲ ਖੜਿਆ। ਆਪਣੇ ਪਿਤਾ ਵਾਂਗ ਲਾਲੀ ਵੀ ਸੰਗੀਤ ਪ੍ਰੇਮੀ ਹੋਣ ਦੇ ਨਾਲ-ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਮੂਹਰੇ ਹੋ ਕੇ ਤੁਰਨ ਵਾਲਾ ਬੰਦਾ ਸੀ। ਇਨੀ ਦਿਨੀਂ ਉਹ ਆਪਣੇ ਪਿੰਡ ਦਾ ਮੌਜੂਦਾ ਸਰਪੰਚ ਸੀ।

ਪੰਜਾਬੀ ਸੰਗੀਤ, ਸੱਭਿਆਚਾਰ ਅਤੇ ਵਿਰਾਸਤੀ ਵੰਨਗੀਆਂ ਨੂੰ ਬਚਾਉਣ ਦਾ ਜਿਹੜਾ ਕੰਮ ਸਰਕਾਰਾਂ ਨਾ ਕਰ ਸਕੀਆਂ ਉਹ ਇਸ ਜਨੂੰਨੀ ਸ਼ਖਸ ਗੁਰਮੁੱਖ ਸਿੰਘ ਲਾਲੀ ਨੇ ਕਰ ਵਿਖਾਇਆ। ਆਪਣੇ ਇਹਨਾਂ ਵਿਲੱਖਣ ਕਾਰਜਾਂ ਸਦਕਾ ਉਸ ਨੇ ਆਪਣਾ ਨਾਂ ਲਿਮਕਾ ਬੁੱਕ ਆਫ ਰਿਕਾਰਡ, ਇੰਡੀਆ ਬੁੱਕ ਆਫ ਰਿਕਾਰਡ, ਵਿੱਚ ਦਰਜ ਕਰਾਇਆ। ਇਸ ਤੋਂ ਇਲਾਵਾ ਵੱਖ ਵੱਖ ਸੰਸਥਾਵਾਂ ਦੇ ਸਨਮਾਨਾਂ ਤੋਂ ਇਲਾਵਾ ਇਸ ਵਿਰਾਸਤੀ ਸੰਗੀਤ ਸੰਭਾਲ ਕਾਰਜ ਬਦਲੇ ਸਟੇਟ ਐਵਾਰਡ ਵੀ ਮਿਲਿਆ ਸੀ।

ਗੁਰਮੁਖ ਸਿੰਘ ਲਾਲੀ ਨਾਲ ਮੇਰੀ ਮੁਲਾਕਾਤ 1995-96 ਵਿੱਚ ਹੋਈ ਉਦੋਂ ਉਹ ਆਪਣੀ ਸੰਗੀਤਕ ਲਾਇਬਰੇਰੀ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਯਤਨਸ਼ੀਲ ਸੀ। ਉਹਦੀਆਂ ਮੁੱਢਲੀਆਂ ਪ੍ਰਾਪਤੀਆਂ ਵੇਖ ਕੇ ਮੈਂ ਉਸ ਬਾਰੇ ਕੁਝ ਲੇਖ ਪੰਜਾਬੀ ਦੀਆਂ ਨਾਮੀਂ ਅਖਬਾਰਾਂ ਵਿੱਚ ਵੀ ਲਿਖੇ। 'ਅਜੀਤ ਅਖਬਾਰ' ਵਿੱਚ ਛਪੇ ਇੱਕ ਲੇਖ ਨੂੰ ਪੜ੍ਹ ਕੇ ਪੁਰਾਣੇ ਗਾਇਕ ਅਤੇ ਗੀਤਕਾਰ ਸਰਦਾਰ ਹਰਭਜਨ ਸਿੰਘ ਰਤਨ ਉਹਨਾਂ ਨਾਲ ਮੁਲਾਕਾਤ ਕਰਨ ਲਈ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਉਸਦੇ ਪਿੰਡ ਆਏ। ਹਰਭਜਨ ਸਿੰਘ ਰਤਨ ਆਪਣੇ ਸਮਿਆਂ ਵਿਚ ਦੂਰਦਰਸ਼ਨ ਅਤੇ ਰੇਡੀਓ ਸਟੇਸ਼ਨ ਦੇ ਉੱਚ ਅਧਿਕਾਰੀ ਸੀ ਤੇ ਕਈ ਗੀਤਾਂ ਦੇ ਰਿਕਾਰ ?ਡ ਵੀ ਆਏ । ਸਰਕਾਰੇ -ਦਰਬਾਰੇ ਰਤਨ ਜੀ ਦੀ ਚੰਗੀ ਪਹੁੰਚ ਸੀ। ਰਤਨ ਜੀ ਨੇ ਉਸ ਦੀਆਂ ਪ੍ਰਾਪਤੀਆਂ ਤੇ ਲਗਨ ਨੂੰ ਵੇਖਦਿਆਂ ਉਹਨਾਂ ਨੂੰ ਦਿੱਲੀ ਆਉਣ ਦਾ ਸੱਦਾ ਦਿੱਤਾ, ਜਿੱਥੇ ਸੱਭਿਆਚਾਰਕ ਮੰਤਰਾਲੇ ਦੀ ਕੇਂਦਰੀ ਮੰਤਰੀ ਸੁਸ਼ਮਾ ਸਵਰਾਜ ਹੱਥੋਂ ਉਹਨਾਂ ਦਾ ਐੱਮ ਐੱਸ ਰੰਧਾਵਾ ਯਾਦਗਰੀ ਵਿਸ਼ੇਸ਼ ਸਨਮਾਨ ਹੋਇਆ। ਲਾਲੀ ਦਾ ਇਹ ਪਹਿਲਾ ਸਰਕਾਰੀ ਸਨਮਾਨ ਸੀ। ਇੱਕ ਗੱਲ ਹੋਰ ਕਿ ਲਾਲੀ ਸਿਰਫ਼ ਪੁਰਾਤਨ ਗਾਇਕੀ ਦੇ ਤਵੇ ਇਕੱਠੇ ਨਹੀਂ ਸੀ ਕਰਦਾ ਬਲਕਿ ਸੰਗੀਤ ਬਾਰੇ ਡੂੰਘੀ ਜਾਣਕਾਰੀ ਵੀ ਰੱਖਦਾ ਸੀ। ਉਹ ਇਸ ਸਬੰਧੀ ਜਾਣਕਾਰੀ ਭਰਪੂਰ ਲੇਖ ਅਜੀਤ ਸਮੇਤ ਹੋਰ ਸੰਗੀਤਕ ਮੈਗਜ਼ੀਨਾਂ ਵਿੱਚ ਲਿਖਦਾ ਰਹਿੰਦਾ ਸੀ। ਗੁਰਮੁੱਖ ਸਿੰਘ ਲਾਲੀ ਅੱਜ ਸਾਡੇ ਵਿਚਕਾਰ ਨਹੀਂ ਰਿਹਾ। 70 ਸਾਲਾਂ ਦੀ ਉਮਰ 'ਚ ਇਕ ਸੰਖੇਪ ਬਿਮਾਰੀ ਨਾਲ ਬੀਤੇ ਦਿਨੀਂ ਉਹ ਸੰਸਾਰ ਨੂੰ ਅਲਵਿਦਾ ਕਹਿ ਗਿਆ ਤੇ ਆਪਣੇ ਪਿੱਛੇ ਧਰਮ ਪਤਨੀ ਸ੍ਰੀਮਤੀ ਰਛਪਾਲ ਕੌਰ, ਬੇਟਾ ਭਵਕਰਨ ਸਿੰਘ, ਬੇਟੀ ਅਨਮੋਲ ਕੌਰ ਅਤੇ ਸੰਗੀਤ ਦੀ ਵੱਡੀ ਅਨਮੋਲ ਵਿਰਾਸਤ ਛੱਡ ਗਏ । ਗੁਰਮੁੱਖ ਸਿੰਘ ਲਾਲੀ ਇੰਨ੍ਹੀ ਦਿਨੀਂ ਪੰਜਾਬ ਰਾਜ ਸਹਿਕਾਰੀ ਬੈਂਕ ਵਿੱਚੋਂ ਮੈਨੇਜਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਕੇ ਪਿੰਡ ਦੇ ਸਰਪੰਚ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਸਨ। ਗੁਰਮੁੱਖ ਸਿੰਘ ਲਾਲੀ ਨਮਿੱਤ ਅੰਤਿਮ ਅਰਦਾਸ ਤੇ ਸਰਧਾਂਜ਼ਲੀ ਸਮਾਗਮ 8 ਮਾਰਚ ਦਿਨ ਐਤਵਾਰ ਨੂੰ ਪਿੰਡ ਸ਼ੇਰ ਸਿੰਘਪੁਰਾ(ਨਾਈਵਾਲਾ) ਨੇੜੇ ਬਰਨਾਲਾ ਵਿਖੇ ਹੋਵੇਗਾ। ਗੁਰਮੁੱਖ ਸਿੰਘ ਲਾਲੀ ਵਲੋਂ ਸੰਗੀਤ ਖੇਤਰ ਵਿੱਚ ਪਾਈਆਂ ਅਮਿੱਟ ਪੈੜ੍ਹਾਂ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕੇਗਾ। ਸਮੇਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰਮੁੱਖ ਸਿੰਘ ਲਾਲੀ ਦੇ ਕੀਤੇ ਯਤਨਾਂ ਨੂੰ ਸੰਭਾਲਣ ਵਜੋਂ ਵੱਡੀ ਯਾਦਗਾਰ ਸਥਾਪਿਤ ਕੀਤੀ ਜਾਵੇ।

**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!

ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# "8ਵਾਂ ਟੋਬਾ ਗੋਲਡ ਕੱਪ 2026" ਫ਼ੀਲਡ ਹਾਕੀ ਟੂਰਨਾਮੈਂਟ ਅਪ੍ਰੈਲ 'ਚ ਕਰਵਾਇਆ ਜਾਵੇਗਾ



ਵਿਨੀਪੈਗ (ਸੁਰਿੰਦਰ ਮਾਵੀ) ਮੌਜੂਦਾ ਸਮੇਂ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆ ਸਾਹਮਣੇ ਸਭ ਤੋਂ ਵੱਡੀ ਚੁਨੌਤੀ, ਆਪਣੀ ਨਵੀਂ ਪੀੜੀ ਨੂੰ ਸਾਂਭਣ ਦੀ ਹੈ। ਨਸ਼ਾ, ਗੈਂਗਵਾਰ, ਮਾਰ-ਧਾੜ ਸਭਿਆਚਾਰ ਵਰਗੀਆਂ ਸਮਾਜਿਕ ਕੁਰੀਤੀਆਂ ਵਿਚ ਧਸਦੀ ਜਾ ਰਹੀ ਜਵਾਨੀ ਨੂੰ ਜੇਕਰ ਕਿਸੇ ਸਾਰਥਿਕ ਪਾਸੇ ਨਾ ਲਾਇਆ ਗਿਆ ਤਾਂ ਸਾਨੂੰ ਇਹ ਭਲੀਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਭਵਿੱਖ ਖ਼ਤਰੇ ਵਿਚ ਹੈ। ਇਨ੍ਹਾਂ ਕੁਰੀਤੀਆਂ ਤੋਂ ਬਚਾਉਣ ਦਾ ਇੱਕ ਕਾਰਗਰ ਤਰੀਕਾ ਹੋ ਸਕਦਾ ਹੈ ਕਿ ਬਚਿਆ ਦੇ ਮਨਾਂ ਵਿਚ ਖੇਡਾਂ ਪ੍ਰਤੀ ਸ਼ੋਕ ਪ੍ਰਫੁਲਿਤ ਕੀਤਾ ਜਾਏ।

ਵਿਨੀਪੈਗ ਦੀ ਧਰਤੀ ਤੇ ਜਿੱਥੇ ਹਰ ਕੋਈ ਟੂਰਨਾਮੈਂਟ, ਮੇਲਾ, ਧਾਰਮਿਕ ਸਮਾਗਮ ਜਾ ਸਭਿਆਚਾਰਕ ਪ੍ਰੋਗਰਾਮ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਸਾਡੀ ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ ਅੱਠਵਾਂ ਸ਼ਾਨਦਾਰ "ਟੋਬਾ ਗੋਲਡ ਕੱਪ 2026" ਫ਼ੀਲਡ ਹਾਕੀ ਟੂਰਨਾਮੈਂਟ ਅਪ੍ਰੈਲ 24 (ਸ਼ੁੱਕਰਵਾਰ) ,25 (ਸ਼ਨੀਵਾਰ) 'ਤੇ ਅਪ੍ਰੈਲ 26 (ਐਤਵਾਰ) ਨੂੰ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਜਾ ਰਿਹਾ ਹੈ।ਬੀਤੇ ਦਿਨੀਂ ਇਸ ਬਾਰੇ ਕਲੱਬ ਵੱਲੋਂ ਪੋਸਟਰ ਰੀਲੀਜ਼ ਕੀਤਾ ਗਿਆ ਜਿਸ ਵਿਚ ਕਲੱਬ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸਿੱਧੂ ਨੇ ਆਪਣੇ ਬਾਕੀ ਮੈਂਬਰਾਨ ਨਾਲ ਜਾਣਕਾਰੀ ਸਾਂਝੀ ਕੀਤੀ.ਉਨ੍ਹਾਂ ਦੱਸਿਆ ਕੇ ਇਸ ਟੂਰਨਾਮੈਂਟ ਵਿਚ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਅੱਠ ਟੀਮਾਂ ਹਿੱਸਾ ਲੈਣ ਗਈਆਂ।ਜਿਸ ਵਿਚ ਦੋ ਟੀਮਾਂ ਵਿਨੀਪੈਗ ਤੋ ਹੋਣਗੀਆਂ ਇਸ ਤੋਂ ਇਲਾਵਾ ਚਾਰ ਟੀਮਾਂ ਅੰਡਰ 14 ਸਾਲਾਂ ਦੇ ਬੱਚਿਆਂ ਦੀਆਂ ਵੀ ਹੋਣਗੀਆਂ ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਜਾਵੇਗਾ।ਸ਼ੁੱਕਰਵਾਰ ਨੂੰ ਟੂਰਨਾਮੈਂਟ ਦਾ ਆਗਾਜ਼ ਹੋਵੇਗਾ। ਜ਼ਿਆਦਾ ਤਰ ਲੀਗ ਮੈਚ ਸਨਿੱਚਰਵਾਰ ਨੂੰ ਖੇਡੇ ਜਾਣਗੇ ਇਹ ਸਵੇਰੇ ਅੱਠ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਜਾਰੀ ਰਹਿਣਗੇ।ਟੋਬਾ ਵਾਰੀਅਰਜ਼ ਵੱਲੋਂ ਪਹਿਲੇ ਸਥਾਨ 'ਤੇ ਦੂਸਰੇ ਸਥਾਨ ਰਹਿਣ ਵਾਲੀ ਟੀਮ ਨੂੰ ਨਕਦ ਇਨਾਮਾਂ ਤੋਂ ਇਲਾਵਾ ਮੈਡਲ ਤੇ ਟਰਾਫ਼ੀਆਂ ਵੀ ਦਿੱਤੀਆਂ ਜਾਣਗੀਆਂ।ਇਸ ਟੂਰਨਾਮੈਂਟ ਦੌਰਾਨ ਨਾਸ਼ਤੇ 'ਤੇ ਦੁਪਹਿਰ ਦੇ ਖਾਣੇ ਦੇ ਖ਼ਾਸ ਪ੍ਰਬੰਧ ਕੀਤੇ ਗਏ ਹਨ। ਟੂਰਨਾਮੈਂਟ ਦੇਖਣ ਲਈ ਕੋਈ ਐਂਟਰੀ ਫ਼ੀਸ ਨਹੀਂ ਹੈ।ਇਸ ਤੋਂ ਇਲਾਵਾ ਗਰਾਊਂਡ ਵਿਚ ਮੌਜੂਦ ਦਰਸ਼ਕਾਂ ਲਈ ਵਿਸ਼ੇਸ਼ ਇਨਾਮ ਕੱਢੇ ਜਾਣਗੇ।

## "ਦਰਸ਼ਕਾਂ ਲਈ ਵਿਸ਼ੇਸ਼ ਇਨਾਮ"

ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਜੂਨੀਅਰ ਹਾਕੀ ਲੜਕੇ ਤੇ ਲੜਕੀਆਂ ਦੀ ਟਰੇਨਿੰਗ ਵੀ ਚੱਲ ਰਹੀ ਹੈ। ਬੱਚਿਆਂ ਦੀ ਇਨ ਡੋਰ ਪ੍ਰੈਕਟਿਸ ਹਰ ਸ਼ਨੀਵਾਰ ਸ਼ਾਮ 05 ਤੋਂ 07 ਵਜੇ 'ਤੇ ਹਰ ਐਤਵਾਰ ਸ਼ਾਮ 4 ਤੋਂ 5 ਵਜੇ ਸੀਨੀਅਰ ਟੀਮ ਦੀ ਪ੍ਰੈਕਟਿਸ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਚ ਚੱਲ ਰਹੀ ਹੈ। ਇਸ ਟੂਰਨਾਮੈਂਟ ਵਿਚ ਇਸ਼ਤਿਹਾਰ ਦੇਣ ਲਈ , ਬੱਚਿਆ ਨੂੰ ਰਜਿਸਟਰ ਕਰਵਾਉਣ ਲਈ ਜਾਂ ਫਿਰ ਹੋਰ ਕਿਸੇ ਵੀ ਜਾਣਕਾਰੀ ਲਈ ਤੁਸੀਂ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।ਸੁਰਿੰਦਰ ਮਾਵੀ 204-510-6284, ਸੁਖਮਿੰਦਰ ਸਿੰਘ 204-914-1000, ਪਰਮਜੀਤ ਲੋਪੋ 204-930-2166, ਸ਼ਮਸ਼ੇਰ ਸਿੱਧੂ 204-294-6761, ਅਮਰਦੀਪ ਸਿੰਘ 204-688-1521 'ਤੇ ਸੁਰਿੰਦਰ ਸਿੱਧੂ 431-998-0656। ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਲਈ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਨੇ ਮਾਪਿਆ ਨੂੰ ਖ਼ਾਸ ਤੌਰ ਤੇ ਬੇਨਤੀ ਕੀਤੀ ਕਿ ਬੱਚਿਆ ਨੂੰ ਹਾਕੀ ਵੱਲ ਪ੍ਰੇਰਤ ਕਰਨ 'ਤੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾਉਣ 'ਤੇ ਟੋਬਾ ਵਾਰਅਰਜ਼ ਫ਼ੀਲਡ ਹਾਕੀ ਅਕੈਡਮੀ ਦਾ ਸਾਥ ਦੇਣ।


Chelsea Court TOWNHOMES

ਤੁਹਾਡੇ ਪਰਿਵਾਰ ਲਈ ਉਹ ਜਗਾ ਜਿਸ ਨੂੰ ਤੁਸੀਂ ਘਰ ਕਹਿ ਸਕੋ



CHESTERMERE TOWNHOMES STARTING FROM THE $300'S

OWN YOUR HOME FOR LESS THAN RENT
$1795*
ESTIMATED MONTHLY MORTGAGE

ਚੇਲਸੀਆ ਕੋਰਟ ਗੈਰੇਜਾਂ ਦੇ ਨਾਲ ਕਿਫਾਇਤੀ 3 ਅਤੇ 4 ਬੈੱਡਰੂਮ ਵਾਲੇ ਟਾਊਨਹੋਮਸ ਦੀ ਪੇਸ਼ਕਸ਼ ਕਰਦਾ ਹੈ

- ਕਾਰਜਸ਼ੀਲ ਫਲੋਰਪਲਾਨ ਜੋ ਹਰ ਵਰਗ ਫੁੱਟ ਨੂੰ ਵੱਧ ਤੋਂ ਵੱਧ ਕਰਦੇ ਹਨ
- ਸਕੂਲਾਂ, ਪਾਰਕਾਂ ਅਤੇ ਰੋਜ਼ਾਨਾ ਦੀਆਂ ਸਹੂਲਤਾਂ ਦੇ ਨੇੜੇ
- ਆਧੁਨਿਕ ਰਸੋਈਆਂ ਅਤੇ ਚਮਕਦਾਰ ਵਿਸ਼ਾਲ ਅੰਦਰੂਨੀ
- ਕੈਲਗਰੀ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ
- ਰੱਖ-ਰਖਾਅ-ਮੁਕਤ ਘਰ

LIMITED QUICK POSSESSIONS AVAILABLE!



*Based on a purchase price of $398,900 on a 30-year mortgage at 3.94% (5 Year fixed) with 5% down

ਹੋਰ ਜਾਣਕਾਰੀ ਲਈ ਇਸ ਐਡਰੈਸ ਉੱਪਰ ਆਓ #84, 285 CHELSEA COURT, CHESTERMERE • 587.330.1009

CANADA BEST MANAGED COMPANIES Platinum member 2004 - 2025


Top-rated Homebuilder 4.4

Certified B Corporation Four Time Best For The World Honoree

Find out more at ChelseaCourtTownhomes.ca

Trico Homes™

# ਅਜੋਕੇ ਕੀਰਤਨੀਏਂ ਅਤੇ ਮਨਮਰਜ਼ੀ ਦੀਆਂ ਕੀਰਤਨ-ਸ਼ੈਲੀਆਂ !



ਤਰਲੋਚਨ ਸਿੰਘ ਦੁਪਾਲਪੁਰ
001-408-905-5517

ਬੜੇ ਹੀ ਸੰਵੇਦਨਸ਼ੀਲ ਵਿਸ਼ੇ ਬਾਰੇ ਲਿਖਣ ਤੋਂ ਪਹਿਲਾਂ ਬੇਨਤੀ ਕਰ ਦਿਆਂ ਕਿ ਮੈਨੂੰ ਗੁਰਮਤਿ ਸੰਗੀਤ ਜਾਂ ਰਾਗ ਵਿੱਦਿਆ ਬਾਰੇ ਬੇਸ਼ੱਕ ਬਹੁਤੀ ਜਾਣਕਾਰੀ ਨਹੀਂ ਪਰ ਗੁਰਬਾਣੀ ਕੀਰਤਨ ਦਾ ਕਦਰਦਾਨ ਸ੍ਰੋਤਾ ਜਾਂ ਪ੍ਰਸੰਸਕ ਜਰੂਰ ਹਾਂ।ਆਪਣੇ ਨਿੱਜ ਬਾਰੇ ਵੀ ਥੋੜਾ ਜਿਹਾ ਦੱਸਦਾ ਜਾਵਾਂ ਕਿ ਮੇਰੇ ਦਾਦਾ ਜੀ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦੇ ਤਾਂ ਰਸੀਆ ਸਨ ਪਰ ਉਹ ਢਾਡੀ-ਰਾਗ ਨੂੰ ਪਸੰਦ ਨਹੀਂ ਸੀ ਕਰਦੇ।ਇਸਦੇ ਉਲਟ ਮੇਰੇ ਪਿਤਾ ਜੀ ਕੇਵਲ ਢਾਡੀ-ਰਾਗ ਦੇ ਹੀ ਬੇਹੱਦ ਫੈਨ ਸਨ। ਮੇਰੀ @ਨੇਚਰ@ ਵਿਚ ਦੋਹਾਂ ਖਾਨਦਾਨੀ ਬਜ਼ੁਰਗਾਂ ਦੀਆਂ ਪਸੰਦਾਂ ਦਾ ਸੁਭਾਗਾ ਸੁਮੇਲ ਹੋ ਗਿਆ !ਭਾਵ ਕਿ ਗੁਰਬਾਣੀ ਕੀਰਤਨ,ਕਥਾ ਅਤੇ ਢਾਡੀ-ਰਾਗ ਤਿੰਨਾਂ ਪ੍ਰਤੀ ਮੇਰਾ ਇੱਕੋ ਜਿੰਨਾਂ ਮੋਹ ਪਿਆਰ ਸਤਿਕਾਰ ਬਣਿਆਂ ਹੋਇਆ ਹੈ।

ਇਲਾਕੇ ਭਰ ਵਿਚ 'ਗਿਆਨੀ ਜੀ' ਕਰਕੇ ਜਾਣੇ ਸਤਿਕਾਰੇ ਜਾਂਦੇ ਸਾਡੇ ਭਾਈਆ ਜੀ ਸਾਈਕਲ 'ਤੇ ਦੂਰ ਦਰਾਜ ਤੱਕ ਦੀਵਾਨ ਸੁਣਨ ਚਲੇ ਜਾਂਦੇ ਸਨ।ਉਨ੍ਹਾਂ ਸਮਿਆਂ ਵਿਚ ਨੰਗਲ਼ ਕਲਾਂ (ਮਾਹਲ ਪੁਰ)ਵਾਲ਼ੇ ਪ੍ਰੋਫੈਸਰ ਦਰਸ਼ਣ ਸਿੰਘ 'ਕੋਮਲ' ਧਾਰਮਿਕ ਦੀਵਾਨਾ ਵਿਚ ਸਿਰਮੌਰ ਰਾਗੀ ਵਲੋਂ ਬੁਲਾਏ ਜਾਂਦੇ ਸਨ।ਅੱਖਾਂ ਤੋਂ ਹੀਣ (ਸੂਰਮਾਂ ਸਿੰਘ)ਹੋਣ ਦੇ ਬਾਵਜੂਦ ਰਾਗੀਆਂ ਦੀ ਜਮਾਤ ਵਿਚ ਕੋਮਲ ਜੀ ਲਿਖਾਰੀ ਹੋਣ ਦੇ ਨਾਲ਼ ਨਾਲ਼ ਕੀਰਤਨਕਾਰ, ਭਾਸ਼ਨਕਰਤਾ,ਢਾਡੀ ਕਵੀ,ਸਾਜਿੰਦਾ ਸਰਬਗੁਣ ਭਰਪੂਰ ਸਖਸ਼ੀਅਤ ਵਜੋਂ ਸਤਿਕਾਰੇ ਜਾਂਦੇ ਸਨ।ਜਿਸ ਕਰਕੇ ਰਾਗੀਆਂ ਪ੍ਰਚਾਰਕਾਂ ਵਲੋਂ ਉਨ੍ਹਾਂ ਲਈ 'ਉਸਤਾਦ ਜੀ' ਦਾ ਆਦਰਯੋਗ ਤਖੱਲਸ ਵਰਤਿਆ ਜਾਂਦਾ ਸੀ।

ਇਹ ਗੱਲ ਸੰਨ 57-58 ਵੇਲਿਆਂ ਦੀ ਹੈ।ਇਕ ਵਾਰ ਸਾਡੇ ਲਾਗਲੇ ਪ੍ਰਾਚੀਨ ਕਸਬੇ ਰਾਹੋਂ(ਜਿੱਥੇ ਕਿਸੇ ਵੇਲੇ ਹਰਿਵੱਲਭ ਸੰਗੀਤ ਸਮੇਲਨ ਆਯੋਜਿਤ ਹੁੰਦਾ ਵੀ ਸੁਣਿਆਂ ਹੈ)ਦੇ ਲਹਿੰਦੇ ਪਾਸੇ ਵਾਕਿਆ ਮੰਦਰ ਵਿਚ 'ਰਾਗ ਦਰਬਾਰ' ਆਯੋਜਿਤ ਹੋਇਆ। ਮੇਲਿਆਂ ਮਸ੍ਹਾਵਿਆਂ ਨਾਲ ਬੇਹੱਦ ਲਗਾਉ ਰੱਖਦੇ ਭਾਈਆ ਜੀ ਨੇ ਸੋਚਿਆ ਕਿ ਉੱਥੇ ਕੋਈ ਆਮ ਗਾਇਕਾਂ ਦਾ ਅਖਾੜਾ ਹੋਵੇ ਗਾ ਪਰ ਰਾਹੋਂ ਦੇ ਸਨਾਤਨੀ ਪ੍ਰਬੰਧਕਾਂ ਨੇ ਸ਼ਾਸਤਰੀ ਰਾਗ ਗਾਇਨ ਕਰਨ ਵਾਲੇ ਉੱਚ ਕੋਟੀ ਦੇ ਸੰਗੀਤਕਾਰ ਇਲਾਹਾਬਾਦ ਆਦਿ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਬੁਲਾਏ ਹੋਏ ਸਨ!

ਆਪਣੇ ਕੁੱਝ ਬੇਲੀਆਂ ਨਾਲ ਰਾਹੋਂ ਦੇ ਉਸ ਸੰਗੀਤ ਸਮੇਲਨ ਵਿਚ ਸ਼ਾਮਲ ਹੋਏ ਭਾਈਆ ਜੀ ਹੱਸਦਿਆਂ ਹੋਇਆਂ ਦੱਸਦੇ ਹੁੰਦੇ ਸਨ ਕਿ ਗਈ ਰਾਤ ਤੱਕ ਜਿਹੜਾ ਵੀ ਸੰਗੀਤਕਾਰ ਤਾਨਪੂਰਾ,ਸਿਤਾਰ ਜਾਂ ਸਾਰੰਗੀ ਆਦਿ ਤੰਤੀ ਸਾਜ਼ਾਂ ਨਾਲ ਸਟੇਜ 'ਤੇ ਗਾਇਨ ਕਰਨ ਬੈਠੇ,ਉਹ ਅੱਧਾ ਪੌਣਾ ਘੰਟਾ ਲੰਮੀਆਂ ਹੇਕਾਂ ਨਾਲ਼ 'ਸਾ....ਰੇ....ਗਾ...ਧਾ...ਨੀ....ਪਾ@ ਦੇ ਸੁਰ ਅਲਾਪਦਾ ਹੋਇਆ ਭਜਨ ਵਰਗੀ ਕੋਈ ਚੀਜ ਗਾ ਕੇ ਸਮਾਪਤੀ ਕਰ ਦਿਆ ਕਰੇ।ਪੰਡਾਲ ਵਿਚ ਬੈਠੇ ਬਹੁਤੇ ਸ਼ਹਿਰੀ ਪੰਡਤ ਸ੍ਰੋਤੇ-ਜਨ ਤਾਂ ਸਿਰ ਹਿਲਾ ਹਿਲਾ ਕੇ ਝੂਮਦੇ ਰਹੇ ਪਰ ਸਾਡੀ ਪੇਂਡੂ ਮਿੱਤਰ-ਮੰਡਲੀ ਦੇ ਕੁੱਝ ਪੱਲੇ ਨਾ ਪਿਆ !

ਇਸ ਤੋਂ ਬਾਅਦ ਕਿਤੇ ਭਾਈਆ ਜੀ ਨੇ ਆਪਣੇ ਘਰੇ ਭੋਗ ਵੇਲੇ ਉਸਤਾਦ ਕੋਮਲ ਜੀ ਨੂੰ ਬੁਲਾਇਆ।ਨਾਲ਼ੇ ਉਹ ਰਾਹੋਂ ਵਾਲੇ ਸਨਾਤਨੀ ਸੱਜਣਾ ਨੂੰ ਵੀ ਸੱਦਾ ਦੇ ਆਏ ਅਖੇ 'ਸਾਡੇ ਰਾਗੀ' ਦਾ ਵੀ ਰਾਗ ਸੁਣਿਉਂ ਆ ਕੇ !ਕਹਿੰਦੇ ਸਾਡੇ ਘਰ ਵਾਲੇ ਸਮਾਗਮ ਵਿਚ ਕੀਰਤਨ ਸਮਾਪਤੀ ਉਪਰੰਤ ਸੰਗਤ ਵਿਚ ਬੈਠੇ ਰਾਹੋਂ ਵਾਲ਼ੇ ਸਨਾਤਨੀ ਵੀਰਾਂ ਨੂੰ ਭਾਈਆ ਜੀ ਨੇ ਕੋਮਲ ਜੀ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਮਾਯੂਸ ਜਿਹੇ ਹੋ ਕੇ ਕਹਿੰਦੇ-'ਗਿਆਨੀ ਜੀ ਰਾਗੀ ਤਾਂ ਇਹ ਸੁਰੀਲਾ ਐ ਪਰ 'ਉਹ ਗੱਲ' ਹੈ ਨਹੀਂ ਇਹਦੇ ਕੋਲ਼ !'

ਭਾਈਆ ਜੀ ਫੁਰਤੀ ਨਾਲ ਉੱਠੇ ਤੇ ਹਾਰਮੋਨੀਅਮ ਬੰਨ੍ਹ ਰਹੇ ਅੱਖਾਂ ਤੋਂ ਹੀਣ (ਸੂਰਮੇਂ)ਕੋਮਲ ਸਾਹਿਬ ਦੇ ਕੰਨ ਵਿਚ ਜਾ ਕੇ ਦੱਸਿਆ ਕਿ ਉਸਤਾਦ ਜੀ ਸੰਗਤ ਵਿੱਚ ਬੈਠੇ ਕੁੱਝ ਸਨਾਤਨੀ ਸੱਜਣ ਤਾਂ ਆਹ ਗੱਲ ਕਹਿ ਰਹੇ ਨੇ !

ਉਸੇ ਵੇਲੇ ਕੋਮਲ ਸਾਹਬ ਨੇ ਦੁਬਾਰਾ ਵਾਜਾ ਖੋਲ੍ਹ ਲਿਆ ਤਬਲੇ ਵਾਲ਼ੇ ਤੋਂ ਹਥੋੜੀ ਲੈ ਕੇ ਤਬਲਾ ਖੁਦ ਕੱਸਿਆ।ਤਬਲੇ ਵਾਲੇ ਸੱਜਣ ਤੋਂ ਓਸ ਵੇਲੇ ਦਾ ਵਕਤ ਪੁੱਛਿਆ।ਅੱਧਾ ਕੁ ਘੰਟਾ ਉਨ੍ਹਾਂ 'ਸਮੇਂ ਦੇ ਰਾਗ' ਅਨੁਸਾਰ ਗਾਇਨ ਕੀਤਾ ਤਾਂ ਕਹਿੰਦੇ ਸਨਾਤਨੀ ਸੱਜਣ ਇਉਂ ਝੂਮਣ ਲੱਗੇ ਜਿਵੇਂ ਵੱਜਦੀ ਬੀਨ 'ਤੇ ਨਾਗ ਮੇਲ੍ਹਦਾ ਹੁੰਦਾ ਐ !



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਮਹੱਤਤਾ ਬਾਰੇ ਗਿਆਨੀ ਮਸਕੀਨ ਜੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਨੇ ਇਕੱਤੀ ਰਾਗਾਂ ਵਿਚ ਲਿਖੀ ਹੋਈ ਬਾਣੀ ਦੇ ਇੱਕ ਇੱਕ ਸ਼ਬਦ ਅੱਗੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਹਰ ਨਵੇਂ ਰਾਗ ਦੇ ਅਰੰਭ ਵਿਚ ਇੱਕੋ ਵਾਰੀ ਰਾਗ ਦਾ ਨਾਮ ਲਿਖ ਕੇ ਵੀ ਇਹ ਹਦਾਇਤ ਲਿਖੀ ਜਾ ਸਕਦੀ ਸੀ ਕਿ ਅਗਲੇ ਸਾਰੇ ਸ਼ਬਦ 'ਏਸ ਰਾਗ' ਵਿਚ ਗਾਉਣੇ ਹਨ !ਗੁਰਮਤਿ ਸੰਗੀਤ ਦੇ ਜਾਣਕਾਰਾਂ ਅਨੁਸਾਰ ਗੁਰੂ ਪਾਤਸ਼ਾਹ ਨੇ ਅਜਿਹਾ ਇਸ ਲਈ ਨਹੀਂ ਕੀਤਾ ਹੋਵੇ ਗਾ ਮਤਾਂ ਸ਼ਬਦ ਗਾਇਨ ਕਰਨ ਵਾਲ਼ੇ ਰਾਗੀ ਜਨ,ਕਿਤੇ ਨਿਰਧਾਰਤ ਰਾਗਾਂ ਨੂੰ ਵਿਸਾਰ ਹੀ ਨਾ ਦੇਣ!

'ਕੀਰਤਨ ਵਿਚ ਰਾਗ ਦੀ ਥਾਂ ਸ਼ਬਦ ਪ੍ਰਧਾਨ ਰਹਿਣਾ ਚਾਹੀਦਾ ਹੈ। ਕੁੱਝ ਸ਼ਾਸਤਰੀ ਸੰਗੀਤ ਦੇ ਰਾਗੀ,ਜੋ ਰਾਗ,ਅਲਾਪ ਅਤੇ ਤਾਨਾਂ(ਸਰਗਮ) ਦਾ ਬਹੁਤ ਪ੍ਰਯੋਗ ਕਰਦੇ ਹਨ,ਸੰਗਤ ਵਿਚ ਬਹੁਤੇ ਪ੍ਰਵਾਨਿਤ ਨਹੀਂ ਹੁੰਦੇ...... ਇਉਂ ਲਗਦਾ ਹੈ ਕਿ ਸਿੱਖ,ਵਾਜੇ ਤੇ ਢੋਲਕੀ ਛੈਣੇ ਵਜਾਉਣ ਵਾਲ਼ੇ ਹੀ ਬਣਨ ਵਿਚ ਰੁਚੀ ਲੈ ਰਹੇ ਹਨ।ਹਜ਼ਾਰਾਂ ਨੌਜਵਾਨ ਕੀਰਤਨ ਨੂੰ ਸੌਖਾ ਰੋਜ਼ਗਾਰ ਮੰਨ ਕੇ,ਚਾਰ ਕੁ ਤਰਜਾਂ ਤੇ ਚਾਰ ਕੁ ਮਨਘੜੰਤ ਸਾਖੀਆਂ ਸੁਣਾ ਸੁਣਾ ਕੇ ਕੌਮ ਦੇ ਜੇਬ ਖਾਲੀ ਕਰਵਾਉਣ ਦੇ ਨਾਲ਼ ਨਾਲ਼ ਕੌਮ ਦਾ ਦਿਮਾਗੀ ਦਿਵਾਲ਼ਾ ਕਢਾਉਣ ਦੇ ਰਾਹ ਵੀ ਤੁਰ ਪਏ ਹਨ।'-(ਗੁਰਮਤ ਨਿਰਣਯ-ਕੋਸ਼ ਸਫਾ-164 ਡਾ.ਗੁਰਸ਼ਰਨ ਸਿੰਘ)

ਖਿਮਾਂ ਸਹਿਤ ਹੁਣ ਗੱਲ ਕਰੀਏ ਅਜੋਕੇ ਕੀਰਤਨੀਏਂ ਰਾਗੀ ਸਿੰਘਾਂ ਦੀ ਜੋ ਕਿ ਪੁਰਾਤਨ ਕੀਰਤਨ ਸ਼ੈਲੀ ਨੂੰ ਪਿੱਠ ਦੇ ਕੇ ਮਨਮਰਜੀ ਦੀਆਂ @ਸ਼ੈਲੀਆਂ@ ਅਪਣਾ ਰਹੇ ਹਨ।ਗਿਣਤੀ ਦੇ ਕੁੱਝ ਕੁ ਰਾਗੀ ਸਿੰਘਾਂ ਨੂੰ ਛੱਡ ਕੇ ਬਹੁਤਾਤ ਜਥੇ ਇਸੇ ਰਾਹ ਪੈ ਗਏ ਹੋਏ ਹਨ।ਬੀਤੇ ਵਰ੍ਹੇ 2025 ਦੇ ਨੌ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਰਹਿਣ ਦੌਰਾਨ ਮੈਨੂੰ ਅਨੇਕਾਂ ਕੀਰਤਨ ਦਰਬਾਰ ਸਮਾਗਮਾਂ ਵਿਚ ਇਹ ਕੁੱਝ ਦੇਖ ਕੇ ਬੜੀ ਹੈਰਾਨੀ ਹੋਈ:-ਰਾਗੀ ਸਿੰਘਾਂ ਵਲੋਂ ਅਰੰਭਕ ਮੰਗਲਾਚਰਨ ਵਜੋਂ ਡੰਡਉਤ ਬੰਦਨਾਂ ਕਰਨ ਜਾਂ ਗਾਇਨ ਕੀਤੇ ਜਾਣ ਵਾਲ਼ੇ ਰਾਗ ਦੀ ਸ਼ਾਨ ਵਜਾਉਣ ਦੀ ਥਾਂਹ ਕਿਸੇ ਲੋਕ-ਧੁਨ 'ਤੇ 'ਵਾਹਿਗੁਰੂ....ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਐ।





**ਅਰੰਭ ਵਿਚ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਗਾਉਣਾ ਤਕਰੀਬਨ ਬੰਦ ਹੀ ਹੋ ਗਿਆ !**

ਹਾਰਮੋਨੀਅਮ ਦੀਆਂ ਦੋ ਕੁ ਸੁਰਾਂ ਵਜਾ ਕੇ ਰਾਗੀ,ਸਾਊਂਡ ਵਾਲ਼ੇ ਸੱਜਣ ਨੂੰ ਤਾਂਹ ਠਾਂਹ ਹੱਥ ਕਰਦੇ ਹੋਏ ਇਸ਼ਾਰੇ ਤੇ ਇਸ਼ਾਰੇ ਹੀ ਕਰੀ ਜਾਂਦੇ ਹਨ।

ਜਿਵੇਂ ਅਜੋਕੇ ਗਾਇਕ ਕਲਾਕਾਰ ਆਪਣੇ ਮਸ਼ਹੂਰ ਹੋਏ ਕਿਸੇ ਇਕ ਗੀਤ ਨੂੰ ਆਪਣੇ ਨਾਮ ਨਾਲ ਫੇਮ ਵਜੋਂ ਜੋੜ ਲੈਂਦੇ ਹਨ,ਤਿਵੇਂ ਹੀ ਹੁਣ ਕਈ ਰਾਗੀ ਸਿੰਘ ਵੀ ਕਿਸੇ ਇਕ ਸ਼ਬਦ ਨੂੰ ਹਰ ਥਾਂਹ ਉਚੇਚਾ ਗਾਇਨ ਕਰਦੇ ਹਨ।ਹੋਰ ਤਾਂ ਹੋਰ ਹੁਣ ਸ੍ਰੀ ਦਰਬਾਰ ਸਾਹਿਬ ਦੇ ਕੁੱਝ ਰਾਗੀ ਸਿੰਘ ਵੀ ਉੱਥੇ ਹਰੇਕ ਡਿਊਟੀ ਵਿਚ ਅਜਿਹੇ ਇਕ ਸ਼ਬਦ ਦਾ ਗਾਇਨ ਜਰੂਰ ਕਰਦੇ ਹਨ।

ਆਪਣੀ ਵਾਰੀ ਦੀ ਸਮਾਪਤੀ ਵੇਲੇ ਹਰੇਕ ਰਾਗੀ ਸਿੰਘ,ਸਮਾਗਮ ਆਯੋਜਿਤ ਕਰਤਾ ਕਮੇਟੀ ਦੇ ਪ੍ਰਧਾਨ/ਸਕੱਤਰਾਂ ਦੇ ਨਾਂ ਲੈ ਲੈ ਕੇ ਬੇਲੋੜੀਆਂ ਮਿਸਾਲਾਂ ਦਿੰਦਿਆਂ ਉਨ੍ਹਾਂ ਦੀ ਉਸਤਤਿ ਕਰਨ ਲੱਗ ਪੈਂਦੇ ਹਨ। -



ਨੀਲੇ,ਪੀਲ਼ੇ ਜਾਂ ਕਾਲ਼ੇ ਵਿਰਾਸਤੀ ਰੰਗਾਂ ਦੀ ਥਾਂਹ ਹੁਣ ਰਾਗੀ ਸਿੰਘਾਂ ਨੇ ਮਨਮਰਜੀ ਦੇ ਹੋਰ ਹੋਰ ਰੰਗਾਂ ਵਾਲ਼ੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਗੁਰਬਾਣੀ ਗਾਇਨ ਦਾ ਪ੍ਰਮੁੱਖ ਤੇ ਪ੍ਰਮਾਣੀਕ ਸੋਮਾਂ ਹੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੁੰਦਾ ਗੁਰਬਾਣੀ ਕੀਰਤਨ।ਪਰ ਵਰਤਮਾਨ ਸਮੇਂ ਖੇਦ ਹੈ ਕਿ ਉੱਥੇ ਵੀ ਹਲਕੀਆਂ ਫੁਲਕੀਆਂ ਤਰਜਾਂ ਦਾ ਬੋਲ ਬਾਲਾ ਹੋ ਗਿਆ ਹੈ।ਬੇਸ਼ੱਕ ਉੱਥੇ ਵੱਖ ਵੱਖ ਰਾਗਾਂ ਦੇ ਨਾਵਾਂ ਹੇਠ ਕੀਰਤਨ ਚੌਂਕੀਆਂ ਪ੍ਰਚੱਲਤ ਹਨ ਪਰ ਹੁਣ ਬਹੁਤੇ ਰਾਗੀ 'ਫਰਜ਼ ਪੂਰਾ' ਕਰਨ ਵਾਂਗ ਸਿਰਫ ਦੋ ਸਤਰਾਂ ਵਾਲ਼ੇ ਸਲੋਕ ਦਾ ਨਿਰਧਾਰਤ ਰਾਗ ਵਿਚ ਗਾਇਨ ਕਰਦੇ ਹਨ !ਸਨ ਸਤਵੰਜਾ 'ਚ ਜਨਮੇਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਉਹ ਸੁਨਹਿਰੀ ਸਮਾਂ ਵੀ ਦੇਖਿਆ ਹੋਇਆ ਹੈ ਜਦ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਸਿੰਘ ਜਦ ਕਿਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਕੀਰਤਨ ਕਰਨ ਜਾਂਦੇ ਹੁੰਦੇ ਸਨ ਤਾਂ ਉੱਥੇ ਵੀ ਇਸ ਪਾਵਨ ਅਸਥਾਨ ਦੀ ਵਿਲੱਖਣ ਕੀਰਤਨ ਸ਼ੈਲੀ ਅਨੁਸਾਰ ਸ਼ਬਦ ਗਾਇਨ ਕਰਕੇ ਸ੍ਰੀ ਦਰਬਾਰ ਸਾਹਿਬ ਵਰਗਾ ਮਾਹੌਲ ਹੀ ਸਿਰਜ ਦਿਆ ਕਰਦੇ ਸਨ।ਮੰਤਰ-ਮੁਗਧ ਹੋਏ ਸ੍ਰੋਤੇ ਉੱਥੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰ ਰਹੇ ਮਹਿਸੂਸ ਕਰਦੇ ਹੁੰਦੇ ਸਨ।

ਉਸ ਦੌਰ ਵਿਚ ਸ੍ਰੋਤੀ ਸੰਗਤ,ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਲੀਨ ਹੋਈ ਰਹਿੰਦੀ ਸੀ। ਕੋਈ ਵੀ ਕੀਰਤਨੀਆਂ,ਮੋਹਰੇ ਬੈਠੇ ਸ੍ਰੋਤਿਆਂ ਨੂੰ ਆਪਣੇ ਨਾਲ ਨਾਲ ਬੋਲਣ ਲਈ ਨਹੀਂ ਸੀ ਕਹਿੰਦਾ ਹੁੰਦਾ।ਪਰ ਹੁਣ ਲਗਭਗ ਸਾਰੇ ਰਾਗੀ,ਸ਼ਬਦ ਗਾਇਨ ਸ਼ੁਰੂ ਕਰਕੇ ਸੰਗਤ ਨੂੰ ਹੱਥ ਉਠਾ ਉਠਾ ਕੇ ਵਾਰ ਵਾਰ ਕਹੀ ਜਾਂਦੇ ਨੇ-

ਗਾਉ ਜੀ.....ਹੋਰ ਉੱਚੀ ਬੋਲੋ...ਸੰਗਤ ਦੀ ਅਵਾਜ਼ ਨੀ ਆਈ! ਅਜਿਹਾ ਕਰਦਿਆਂ ਕਈ ਵਾਰ ਉਹ ਗਾਏ ਜਾ ਰਹੇ ਸ਼ਬਦ ਵਿਚ ਹੀ ਜਪ ਲਉ ਜੀ.... ਗਾ ਲਉ ਜੀ ! ਇੰਜ ਗਾਉਂਦੇ ਹਨ ਜਿਵੇਂ ਕਿਤੇ ਇਹ ਜਪ ਲਉ-ਗਾ ਲਉ ਜੀ ਵਾਲ਼ੀ ਹਦਾਇਤ ਵੀ ਸ਼ਬਦ(ਗੁਰਬਾਣੀ)ਦਾ ਹੀ ਹਿੱਸਾ ਹੋਵੇ!

ਕਈ ਰਾਗੀ ਸਿੰਘ ਸ਼ਬਦ ਗਾਇਨ ਕਰਦਿਆਂ ਅੱਧੀ ਤੁਕ ਬੋਲ ਕੇ ਚੁੱਪ ਕਰ ਜਾਂਦੇ ਵੀ ਦੇਖੇ ਤਾਂ ਕਿ ਬਾਕੀ ਦੀ ਤੁਕ ਉਨ੍ਹਾਂ ਦੇ ਮਗਰ ਸੰਗਤ ਬੋਲੇ !

ਇਵੇਂ ਕਈ ਅਜੋਕੇ ਕੀਰਤਨੀਏਂ ਸ਼ਬਦ ਗਾਇਨ ਵਿਚਕਾਰ ਕਥਾ-ਵਿਆਖਿਆ ਦੇ ਨਾਂ ਤੇ ਲੰਮੀਆਂ ਸਾਖੀਆਂ ਸੁਣਾਈ ਜਾਂਦੇ ਹਨ !ਉਨ੍ਹਾਂ ਦੇ ਮਗਰੋਂ ਕਿਸੇ ਕਥਾ-ਵਾਚਕ ਨੇ ਸ਼ਬਦ-ਵੀਚਾਰ ਵੀ ਕਰਨੀ ਹੁੰਦੀ ਹੈ ਪਰ ਇਹ ਕੀਰਤਨੀਏਂ ਵੀਰ ਵਿਆਖਿਆ ਕਰਕੇ ਸ਼ਾਇਦ ਵਿਦਵਾਨ ਬੁਲਾਰੇ ਹੋਣ ਦਾ ਸਵੈ-ਪ੍ਰਗਟਾਵਾ ਕਰਨ ਲੱਗ ਪੈਂਦੇ ਹਨ !ਭਾਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਬੰਗਲਾ ਸਾਹਿਬ ਦੇ ਵਿਦਵਾਨ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਦੀ ਹਦਾਇਤ ਅਨੁਸਾਰ ਗੁਰਬਾਣੀ ਕੀਰਤਨੀਏਂ ਰਾਗੀ ਸਿੰਘਾਂ ਉੱਤੇ ਸ਼ਬਦ ਕੀਰਤਨ ਦੌਰਾਨ ਵਾਹਿਗੁਰੂ.... ਵਾਹਿਗੁਰੂ ਦਾ ਜਾਪ ਕਰਨ/ਕਰਾਉਣ ਉੱਤੇ ਰੋਕ ਲਾਈ ਹੋਈ ਹੈ ਪਰ ਹੁਣ ਕੁੱਝ ਕੁ ਵਿਰਲੇ ਰਾਗੀਆਂ ਨੂੰ ਛੱਡ ਕੇ ਬਹੁਤੇ ਰਾਗੀ ਇਸ ਹਦਾਇਤ ਨੂੰ ਅਣਡਿੱਠ ਕਰਕੇ ਸ਼ਬਦ ਦੇ ਵਿਚਕਾਰ ਹੀ ਕਿਸੇ ਪਾਪੂਲਰ ਜਿਹੇ ਫਿਲਮੀ ਗੀਤ ਦੀ ਤਰਜ਼ ਤੇ ਵਾਹਿਗੁਰੂ....ਵਾਹਿਗੁਰੂ ਦੀ ਲੰਬੀ ਧੁਨ ਅਲਾਪੀ ਜਾਂਦੇ ਹਨ!

ਰਾਗੀ ਸਿੰਘਾਂ ਵਲੋਂ ਆਪੇ ਬਣਾਈ ਇਸ ਨਵੀਂ ਰੀਤ ਤੋਂ ਦੁਖੀ ਹੁੰਦਿਆਂ ਪ੍ਰਸਿੱਧ ਕੀਰਤਨੀਏਂ ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਨੇ ਵੀ ਇਕ ਦਿਨ ਸੋਸ਼ਲ ਮੀਡ੍ਹੀਆ 'ਤੇ ਪੋਸਟ ਵਿੱਚ ਲਿਖਿਆ ਸੀ-

ਹੁਣ ਇੱਥੇ ਇਸ ਤਰ੍ਹਾਂ ਦੇ ਕੀਰਤਨੀਏਂ, ਸਿਫਾਰਸ਼ੀ ਅਤੇ ਰਿਸ਼ਵਤਾਂ ਵਾਲ਼ੇ ਬਹੁਤੇ.......... ਰਹਿ ਗਏ,ਜਿਨ੍ਹਾਂ ਨੂੰ ਡੰਡਉਤ ਅਤੇ ਮੰਗਲਾਚਰਨ ਵੀ ਕਰਨ ਦਾ ਟਾਈਮ ਨਹੀਂ ਦਿੰਦੀ ਸੰਗਤ..... ਰਾਗੀ ਤੋਂ ਪਹਿਲਾਂ ਵਾਹਿਗੁਰੂ ਵਾਹਿਗੁਰੂ ਸ਼ੁਰੂ ਹੋ ਜਾਂਦਾ ਹੈ..... ਬੇੜੀ ਹੀ ਡੁਬੋ ਦਿਤੀ ਕੀਰਤਨ ਅਤੇ ਗੁਰਮਤਿ ਸੰਗੀਤ ਦੀ !

ਗੁਰਬਾਣੀ ਕੀਰਤਨ ਨੂੰ ਸ਼ਾਂਤ-ਰਸ ਪ੍ਰਧਾਨ ਮੰਨਿਆਂ ਜਾਂਦਾ ਹੈ ਪਰ ਕਈ ਰਾਗੀ ਵੀਰ ਹੁਣ ਢਾਡੀ ਸਿੰਘਾਂ ਵਾਂਗ ਏਨੀਂ ਉੱਚੀ ਅਵਾਜ਼ ਵਿਚ ਗਰਜਦੇ ਹਨ ਕਿ ਕੀਰਤਨ ਚੋਂ ਸ਼ਾਂਤ-ਰਸ ਗਾਇਬ ਹੀ ਹੋ ਜਾਂਦਾ ਹੈ।ਇਕ ਰਾਗੀ ਵੀਰ ਐਸਾ ਵੀ ਸੁਣਿਆਂ ਜਿਸਨੇ ਆਪਣਾ ਤਖੱਲਸ ਤਾਂ ਰੱਖਿਆ ਹੋਇਆ ਹੈ ਅੰਮ੍ਰਿਤ ਵੇਲੇ ਮਿੱਠਾ ਬੋਲਣ ਵਾਲ਼ੇ ਇਕ ਮਧੁਰ-ਕੰਠ ਪੰਛੀ ਦੇ ਨਾਂ ਵਾਲ਼ਾ ਪਰ ਉਹ ਉੱਚੀ ਗਾਇਨ ਕਰਨ ਵੇਲੇ ਸ੍ਰੋਤਿਆਂ ਦੇ 'ਕੰਨਾਂ ਦੇ ਕੀੜੇ' ਕੱਢ ਦਿੰਦਾ ਹੈ !ਉਸਦੀ ਬੇਹੱਦ ਉੱਚੀ ਅਵਾਜ਼ ਉੱਤੋਂ ਵੱਡੀਆਂ ਅਲਮਾਰੀਆਂ ਜਿੱਡੇ ਜਿੱਡੇ ਸਪੀਕਰਾਂ ਦੇ ਬਕਸੇ ! ਹੇ ਵਾਹਿਗੁਰੂ... !!

ਅੰਤਿਕਾ:-ਸ਼੍ਰੋਮਣੀ ਕਮੇਟੀ ਲਈ ਸ਼ਲਾਘਾ ਅਤੇ ਸਵਾਲ !

ਪੰਜਾਬ ਵਿਖੇ ਕੀਰਤਨ ਦਰਬਾਰਾਂ ਵਿਚ ਹਾਜਰੀ ਭਰਦਿਆਂ ਜਾਂ ਕਿਤੇ ਹੋਰ ਦੂਰ ਨੇੜੇ ਹੋ ਰਹੇ ਲਾਈਵ ਸਮਾਗਮ ਦੇਖਦਿਆਂ ਭਾਵੇਂ ਵਿਰਾਸਤ ਤੋਂ ਉਲਟ ਵਰਤਾਰਾ ਦੇਖ ਦੇਖ ਕੇ ਮੈਂ ਹੈਰਾਨ ਤਾਂ ਬਹੁਤ ਹੁੰਦਾ ਰਿਹਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਉਪਰੋਕਤ ਸਾਰੇ ਉਲ਼ਾਂਭੇ ਲਾਹ ਸੁੱਟੇ! ਹੋਇਆ ਇੰਜ ਕਿ ਮੇਰੀ ਅਮਰੀਕਾ ਦੀ ਵਾਪਸੀ ਨੇੜੇ ਅਕਤੂਬਰ 2025 ਵਿਚ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਕੀਰਤਨ ਦਰਬਾਰ ਆਯੋਜਿਤ ਹੋਏ !ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਹੋਏ ਇਨ੍ਹਾਂ ਸਮਾਗਮਾਂ ਵਿਖੇ ਵੱਖ ਵੱਖ ਕੀਰਤਨੀ ਜਥਿਆਂ ਨੇ ਇਕੱਤੀ ਰਾਗਾਂ ਵਿਚ ਸ਼ਬਦ ਕੀਰਤਨ ਦੀ ਛਹਿਬਰ ਲਾਈ !ਜਿਸ ਵਿਚ ਹਜੂਰੀ ਰਾਗੀ ਜਥਿਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਨਿਪੁੰਨ ਹੋਰ ਕਈ ਰਾਗੀ ਸਿੰਘਾਂ ਨੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ।ਨਾ ਕਿਸੇ ਰਾਗੀ ਨੇ ਸ਼ਬਦ ਗਾਇਨ ਵਿਚਕਾਰ ਕਥਾ ਕੀਤੀ ਅਤੇ ਨਾ ਹੀ ਵਾਹਿਗੁਰੂ... ਵਾਹਿਗੁਰੂ ਦਾ ਜਾਪ ਕਰਾਇਆ! ਇੱਥੇ ਤੰਤੀ ਸਾਜਾਂ ਦੀ ਵੀ ਭਰਪੂਰ ਵਰਤੋਂ ਹੋਈ !ਗਈ ਰਾਤ ਤੱਕ ਇਹ ਤਿੰਨੋਂ ਕੀਰਤਨ ਦਰਬਾਰ ਸ਼ਰਧਾ ਸਤਿਕਾਰ ਨਾਲ ਲਾਈਵ ਟੈਲੀਕਾਸਟ ਸਰਵਣ ਕਰਦਿਆਂ ਮੇਰੇ ਮਨ ਵਿਚ ਸ਼੍ਰੋਮਣੀ ਕਮੇਟੀ ਲਈ ਭਰਵੀਂ ਸ਼ਲਾਘਾ ਦੇ ਨਾਲ ਨਾਲ ਇਹ ਸਵਾਲ ਵੀ ਪੈਦਾ ਹੋਇਆ ਕਿ ਮੰਜੀ ਸਾਹਿਬ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਾਂਗ ਹੀ ਕੀਰਤਨ ਕਰਨ ਵਾਸਤੇ ਉਹ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀਆਂ ਸਮੇਤ ਸਾਰੇ ਗੁਰਬਾਣੀ ਕੀਰਤਨੀਆਂ ਨੂੰ ਆਦੇਸ਼ ਕਿਉਂ ਨਹੀਂ ਕਰਦੇ ਕਿ ਭਾਈ ਸਿੱਖੋ ਸਥਾਪਤ ਰਵਾਇਤਾਂ ਨੂੰ ਪਿੱਠ ਦੇ ਕੇ ਮਨਮਰਜ਼ੀਆਂ ਨਾ ਕਰੋ!

# ਤੇਰੀ ਮੇਰੀ ਇੱਕ ਕਹਾਣੀ, ਦੋ ਹਿੱਸਿਆਂ ਵਿੱਚ ਉਲਝੀ ਤਾਣੀ



ਕੰਵਲ ਹਿਰਦੇਪਾਲ ਕੌਰ ਛੀਨਾ
9779052732

ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਢਾਈ ਕੁ ਦਹਾਕੇ ਪਹਿਲਾਂ ਪ੍ਰਚੱਲਿਤ ਹੋਇਆ।ਪਰ ਉਸ ਸਮੇਂ ਕੋਈ ਵਿਰਲਾ-ਟਾਵਾਂ ਹੀ ਇਸ ਦੌੜ ਵਿੱਚ ਸ਼ਾਮਲ ਸੀ।ਕੋਈ-ਕੋਈ ਪਿੰਡ ਹੁੰਦਾ ਸੀ,ਜਿਸ ਵਿੱਚੋਂ ਦੋ-ਚਾਰ ਘਰ ਬਾਹਰ ਜਾ ਕੇ,ਉਥੇ ਹੀ ਆਪਣਾ ਪੱਕਾ ਬਸੇਰਾ ਕਰ ਲੈਂਦੇ ਸਨ।ਬਹੁਤ ਸਮਾਂ ਇਹ ਰੁਝਾਨ ਕੇਵਲ ਵਿਆਹ ਕਰਵਾ ਕੇ ਜਾਂ ਕੰਮ ਕਰਨ ਖਾਤਰ ਜਾਣ ਦਾ ਹੀ ਰਿਹਾ।ਪਰ ਹੁਣ ਡੇਢ ਕੁ ਦਹਾਕੇ ਤੋਂ ਇਹ ਰੁਝਾਨ ਘਟਿਆ ਨਹੀਂ,ਸਗੋਂ ਬੜੀ ਤੇਜ਼ੀ ਨਾਲ ਵਧਿਆ ਹੈ।ਫ਼ਰਕ ਕੇਵਲ ਇਹ ਹੈ ਕਿ ਹੁਣ ਜਾਣ ਦੇ ਤਰੀਕਿਆਂ ਵਿੱਚ ਅੰਤਰ ਆ ਗਿਆ ਹੈ।ਹੁਣ ਪੜ੍ਹਲਿਖ ਕੇ ਤੇ ਸਿਆਣੇ ਹੋ ਕੇ, ਵਿਦੇਸ਼ੀ ਧਰਤੀ ਤੇ ਪੈਰ ਰੱਖਣ ਦੀ ਬਜਾਏ,ਪੜ੍ਹਨ ਲਈ ਜਾਣ ਵਾਲੀ ਭਾਵ ਉਮਰ ਪੱਖੋਂ ਨਿਆਣੀ ਨਹੀਂ ਤਾਂ ਸਿਆਣੀ ਵੀ ਨਾ ਕਹੀ ਜਾ ਸਕਣ ਵਾਲੀ ਪੀੜ੍ਹੀ ਨੇ ਲੈ ਲਈ ਹੈ।ਕਿਹਾ ਜਾ ਸਕਦਾ ਹੈ ਕਿ ਜਿੱਥੇ ਪਹਿਲਾਂ ਆਰਥਿਕ ਮਜ਼ਬੂਰੀਆਂ ਨੇ ਲੋਕਾਂ ਨੂੰ ਵਿਦੇਸ਼ਾਂ ਵੱਲ ਭੱਜਣ ਲਈ ਪ੍ਰੇਰਿਤ ਕੀਤਾ ਸੀ ,ਹੁਣ ਇਹ ਦੌੜ ਬਿਹਤਰ ਭਵਿੱਖ ਖਾਤਰ ਲੱਗ ਗਈ ਹੈ।

ਕੱਚੀ ਉਮਰੇ ਆਪਣੀ ਜਨਮਭੂਮੀ ਛੱਡ ਕੇ,ਵਿਦੇਸ਼ੀ ਧਰਤੀ ਵੱਲ ਤੁਰ ਜਾਣ ਵਾਲੇ ਬੱਚੇ ਘਰ ਤੋਂ ਦੂਰ ਹੋਣ ਦਾ ਦੁੱਖ ਤੇ ਇਕੱਲਤਾ ਹੰਢਾਉਂਦੇ, ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਘਰਸ਼ ਕਰਦੇ ਹੋਏ ,ਕਦੋਂ ਵਿਦੇਸ਼ੀ ਰੰਗ ਵਿੱਚ ਰੰਗੇ ਜਾਂਦੇ ਹਨ,ਉਹਨਾਂ ਨੂੰ ਖੁਦ ਵੀ ਪਤਾ ਨਹੀਂ ਲੱਗਦਾ।ਤੇ ਫਿਰ 'ਮੇਰਾ ਭਾਰਤ ਮਹਾਨ', 'ਆਈ ਲਵ ਮਾਈ ਇੰਡੀਆ' ਜਿਹੇ ਸਲੋਗਾਂ ਤੇ ਭਾਵੁਕ ਹੋਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਅਕਸਰ ਇਹ ਕਹਿਣ ਲੱਗ ਪੈਂਦੇ ਹਨ ਕਿ ਹੁਣ ਤਾਂ ਮੁੜਨਾ ਮੁਸ਼ਕਲ ਹੈ।

ਇਸ ਪੀੜ੍ਹੀ ਨੂੰ ਵਿਦੇਸ਼ਾਂ ਦਾ ਸਿਸਟਮ,ਕੰਮ ਦਾ ਮਿਲਦਾ ਚੰਗਾ ਵੇਤਨ ਤੇ ਆਲ਼ੇ-ਦੁਆਲ਼ੇ ਦਾ ਸਾਫ਼-ਸੁਥਰਾ ਵਾਤਾਵਰਨ ਆਕਰਸ਼ਿਤ ਕਰਦਾ ਹੈ।ਤੇ ਜਦੋਂ ਕੁਝ ਕੁ ਸਾਲਾਂ ਬਾਅਦ ਉਹ ਆਪਣੇ ਵਤਨੀਂ ਗੇੜਾ ਮਾਰਦੇ ਹਨ ਤਾਂ ਪਹਿਲੇ ਦੋ ਕੁ ਹਫ਼ਤੇ ਤਾਂ ਬੜੇ ਚਾਅ ਨਾਲ ਘੁੰਮਦੇ-ਫਿਰਦੇ ਹਨ ਤੇ ਫਿਰ ਇੱਥੇ ਆਹ ਨਹੀਂ ਠੀਕ,ਔਹ ਨਹੀਂ ਠੀਕ ਦਾ ਰਾਗ ਅਲਾਪਣ ਲੱਗ ਪੈਂਦੇ ਹਨ।ਆਖ਼ਰ ਬੱਚਿਆਂ ਦੇ ਪੱਕਾ ਵਿਦੇਸ਼ ਵੱਸਣ ਦੇ ਫ਼ੈਸਲੇ ਨੂੰ ਮਾਪੇ ਵੀ ਤਰਜੀਹ ਦਿੰਦੇ ਹਨ।ਪਰ ਫਿਰ ਸ਼ੁਰੂ ਹੁੰਦੀ ਹੈ ਅਸਲ ਕਹਾਣੀ।ਹੁਣ ਮਾਪਿਆਂ ਦੀ ਜ਼ਿੰਦਗੀ ਦੋ ਧਿਰਾਂ ਵਿੱਚ ਵੰਡ ਕੇ ਰਹਿ ਜਾਂਦੀ ਹੈ।

'ਔਲਾਦ ਦਾ ਮੋਹ ਖਿੱਚ ਲੈਂਦਾ ਹੈ ਵਿਦੇਸ਼ੀ ਧਰਤੀ ਵੱਲ,
ਪਰ ਆਪਣੀ ਧਰਤੀ ਦੀ ਮੁਹੱਬਤ ਹੈ ਕਿ ਉੱਥੇ ਟਿਕਣ ਨਹੀਂ ਦਿੰਦੀ।'

ਬੱਚਿਆਂ ਦੇ ਵਿਦੇਸ਼ਾਂ ਵਿੱਚ ਪੱਕੇ ਤੌਰ 'ਤੇ ਵੱਸ ਜਾਣ ਕਾਰਨ ਮਾਪਿਆਂ ਦਾ ਉਹਨਾਂ ਕੋਲ਼ ਆਪਣੀ ਬਜ਼ੁਰਗ ਉਮਰ ਕੱਟਣ ਤੋਂ ਬਿਨਾਂ ਕੋਈ ਹੱਲ ਨਹੀਂ ਹੁੰਦਾ।ਤੇ ਪਿੱਛੇ ਉਹਨਾਂ ਦੁਆਰਾ ਬਣਾਈਆਂ ਗਈਆਂ ਆਲੀਸ਼ਾਨ ਹਵੇਲੀਆਂ ਵਿੱਚ ਕਬੂਤਰ ਬੋਲਦੇ ਨਜ਼ਰ ਆਉਂਦੇ ਹਨ।ਇਹਨਾਂ ਘਰਾਂ ਵਿੱਚ ਉਹਨਾਂ ਦੁਆਰਾ ਬੜੀ ਹੀ ਸ਼ਿੱਦਤ ਨਾਲ ਲਗਾਏ ਗਏ ਫ਼ਲ਼,ਫ਼ੁੱਲਾਂ ਦੇ ਪੌਦੇ ਵੀ ਆਪਣਿਆਂ ਦੇ ਮੋਹ ਨੂੰ ਤਰਸ ਕੇ ਕੁੱਝ ਸਮੇਂ ਪਿੱਛੋਂ ਮੁਰਝਾਉਣੇ ਜਾਂ ਸੁੱਕਣੇ ਸ਼ੁਰੂ ਹੋ ਜਾਂਦੇ ਹਨ।ਓਪਰੀ ਧਰਤੀ 'ਤੇ ਅਧੇੜ ਉਮਰ ਵਿੱਚ ਗਏ ਮਾਪੇ,ਬੱਚਿਆਂ ਦੇ ਘਰਾਂ ਵਿੱਚ ਬੰਦ ਹੋ ਕੇ ਰਹਿ ਜਾਂਦੇ ਹਨ।ਉਹ ਨਾ ਤਾਂ ਆਪਣੇ ਅਤੀਤ ਨੂੰ ਪੂਰੀ ਤਰ੍ਹਾਂ ਛੱਡ ਪਾਉਂਦੇ ਹਨ ਤੇ ਨਾ ਹੀ ਵਰਤਮਾਨ ਵਿੱਚ ਜੀ ਪਾਉਂਦੇ ਹਨ।

ਕੋਹਾਂ ਦੂਰ ਬੈਠਾ
ਮੈਂ,ਮਾਤ-ਭੂਮੀ ਨੂੰ ਚਾਹੁੰਦਾ ਹਾਂ,
ਅੱਖਾਂ ਮੂਹਰੇ ਆਵੇ
ਹਰਦਮ,ਉਹ ਮੇਰੀ ਪੰਜਾਬੀ ਧਰਤੀ।

ਪਰ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਗੱਲ ਹੋ ਨਿਬੜਦੀ ਹੈ।ਇੱਕੋ ਛੱਤ ਥੱਲੇ ਰਹਿ ਕੇ ਵੀ ਦੋ ਧਾਰਾਵਾਂ ਬਣ ਜਾਂਦੀਆਂ ਹਨ,ਜਿੱਥੇ ਬੱਚੇ ਆਧੁਨਿਕਤਾ ਦਾ ਪੱਖ ਪੂਰਦੇ ਹੋਏ,ਮਾਪਿਆਂ ਦੇ ਸੱਭਿਆਚਾਰ ਨੂੰ ਨਜ਼ਰ-ਅੰਦਾਜ਼ ਕਰਦੇ ਨਜ਼ਰ ਆਉਂਦੇ ਹਨ ਤੇ ਮਾਪੇ ਆਪਣੇ ਸੱਭਿਆਚਾਰ ਨੂੰ ਬਚਾਉਣ ਦੀ ਦੁਹਾਈ ਦਿੰਦੇ ਰਹਿੰਦੇ ਹਨ।

ਇਹ ਕਹਾਣੀ ਤਾਂ ਹੁੰਦੀ ਹੈ ਉੱਥੇ ਪਹੁੰਚ ਚੁੱਕੇ ਮਾਪਿਆਂ ਦੀ।ਤੇ ਜਿਹੜੇ ਮਾਪੇ ਆਪਣੀ ਜਨਮ-ਭੋਂਇ ਤੇ ਰਹਿ ਜਾਂਦੇ ਹਨ,ਉਹ ਵੀ ਜਿਹੇ ਸ਼ਸ਼ੋਪੰਜ ਵਿੱਚ ਫ਼ਸ ਕੇ ਰਹਿ ਜਾਂਦੇ ਹਨ,ਜਿਥੇ ਉਹਨਾਂ ਨੂੰ ਕੋਈ ਹੱਲ ਨਜ਼ਰੀਂ ਨਹੀਂ ਆਉਂਦਾ।ਕਈ ਵਾਰ ਤਾਂ ਤਰਸਦੀਆਂ ਅੱਖਾਂ ਨਾਲ ਆਪਣੇ ਤੋਂ ਦੂਰ ਬੈਠੇ ਆਪਣੇ ਨਜ਼ਦੀਕੀਆਂ ਨੂੰ ਉਡੀਕਦਿਆਂ ਉਹ ਇਸ ਫ਼ਾਨੀ-ਸੰਸਾਰ ਨੂੰ ਅਲਵਿਦਾ ਆਖ ਦਿੰਦੇ ਹਨ।ਕਾਗਜ਼-ਪੱਤਰ ਪੂਰੇ ਕਰਨ ਦੀ ਦੌੜ ਵਿੱਚ ਫਸਿਆ ਮਨੁੱਖ ਕਈ ਵਾਰ ਆਪਣਿਆਂ ਦੇ ਅੰਤਮ-ਦਰਸ਼ਨ ਕਰਨ ਤੋਂ ਵੀ ਵਾਂਝਾ ਰਹਿ ਜਾਂਦਾ ਹੈ।ਇੱਥੇ ਸੁਰਜੀਤ ਪਾਤਰ ਦੀਆਂ ਸਤਰਾਂ ਬੜੀਆਂ ਢੁੱਕਵੀਆਂ ਹਨ-

ਜੋ ਬਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ,ਜਦੋਂ ਦੇਸ਼ ਪਰਤਣਗੇ ਆਪਣੇ ਕਦੀ,
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।


ਭਾਵ ਦੂਰ ਬੈਠਾ ਮਨੁੱਖ,ਜ਼ਰੂਰੀ ਨਹੀਂ ਕਿ ਹਰ ਦੁੱਖ-ਸੁੱਖ ਵਿੱਚ ਪਹੁੰਚ ਸਕੇ।ਉਸਦੀਆਂ ਮਜ਼ਬੂਰੀਆਂ,ਉਸਨੂੰ ਕਈ ਦੁੱਖ-ਸੁੱਖ ਇੱਕਲਿਆਂ ਭੋਗਣ ਲਈ ਮਜ਼ਬੂਰ ਕਰ ਦਿੰਦੀਆਂ ਹਨ।ਇੱਕ ਥਾਂ ਤੇ ਰਹਿ ਕੇ ਵੀ ਉਹ ਹਮੇਸ਼ਾਂ ਦੋ ਹਿੱਸਿਆਂ ਵਿੱਚ ਵੰਡਿਆ ਮਹਿਸੂਸ ਕਰਦਾ ਹੈ।ਪਰ ਹੁਣ ਇਸ ਉਲਝੀ ਹੋਈ ਟਾਣੀ ਨੂੰ ਸੁਲਝਾਉਣਾ ਉਸ ਦੇ ਵੱਸੋਂ ਬਾਹਰੀ ਗੱਲ ਜਾਪਦੀ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220













BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com



TIMMY SHARMA
AUTO MAKERS, WARIS PRODUCTIONS, TIMMY SHARMA, AUTO WORLD SALE, PARWAAZ ENTERTAINMENT,& AR ENTERTAINMENT PRESENTS
WARIS PRODUCTIONS
ਬੰਦੇ ਬਣੋ ਬੰਦੇ
WRITTEN & DIRECTED RANA RANBIR
CO-ACTOR RAJVIR BOPARAI
POSTER AJAY PREET
TICKET AVAILABLE ONLINE AT
WERKLUNDCENTRE.CA
DOOR OPEN 05:00PM
SHOW START 06:00PM
MC JASWANT SHARMA
Sunday 29 MARCH 2026
VENUE JACK SINGER CONCERT HALL
Talwinder Parmar : 403-805-0102
Sukh Tiwana : 403-430-0030
Timmy Sharma : 403-992-8192


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


Personal Tax Returns
Corporate Tax Returns
Bookkeeping
GST/HST Filing
Payroll
WCB Returns
Tax Planning
New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE
Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NE
NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਆਲੀਆਂ ਭੋਲੀਆਂ ਗੱਲਾਂ ਅਤੇ ਮਨ ਪ੍ਰਚਾਵਾ

ਮਨੁੱਖੀ ਜੀਵਨ ਵਿੱਚ ਮਨ ਪ੍ਰਚਾਵਾ ਬਹੁਤ ਜਰੂਰੀ ਹੈ। ਮਨ ਪ੍ਰਚਾਵਾ ਹੁੰਦਾ ਕੀ ਹੈ ? ਅਸਲ ਵਿੱਚ ਵੱਖ ਵੱਖ ਤਰੀਕੇ ਦੇ ਸਾਧਨਾਂ ਦਾ ਇਸਤੇਮਾਲ ਕਰਕੇ ਆਪਣੇ ਆਲੇ ਦੁਆਲੇ ਵਿੱਚ ਨਿੱਤਾਪ੍ਰਤੀ ਅਤੇ ਦਿਨ ਭਰ ਦੀਆਂ ਘਟਨਾਵਾਂ ਨਾਲ ਅੱਕੇ ਥੱਕੇ ਤੇ ਚਿੰਤਾਵਾਂ ਨਾਲ ਭਰੇ ਮਨ ਵਿੱਚੋਂ ਇਹਨਾਂ ਨੂੰ ਵਿਸਾਰ ਕੇ ਅੰਦਰੋਂ ਅੰਦਰ ਵਿਸੇਸ ਖੁਸੀ ਪੈਦਾ ਕਰਨਾ ਹੀ ਮਨ ਨੂੰ ਪਰਚਾਉਣਾ ਕਿਹਾ ਜਾਂਦਾ ਹੈ। ਇਸ ਦੁਨੀਆਂ ਵਿੱਚ ਵਿਚਰਦੇ ਹਰ ਵਿਅਕਤੀ ਲਈ ਮਨ ਪ੍ਰਚਾਵਾ ਬਹੁਤ ਜਰੂਰੀ ਹੁੰਦਾ ਹੈ ਕਿਉਂਕਿ ਇਸ ਬਿਨਾਂ ਤਾਂ ਮਨੁੱਖ ਨਿਰਾ ਚਿੰਤਾਵਾਂ ਅਤੇ ਦੁੱਖਾਂ ਦੀ ਪੋਟਲੀ ਬਣ ਕੇ ਰਹਿ ਜਾਵੇਗਾ। ਮਨ ਨੂੰ ਪਰਚਾਉਣ ਲਈ ਹਰ ਵਿਅਕਤੀ ਦੇ ਆਪਣੇ ਆਪਣੇ ਸੌਕ ਜਾਂ ਆਪਣਾ ਆਪਣਾ ਨਜਰੀਆ ਹੁੰਦਾ ਹੈ। ਕਿਸੇ ਨੂੰ ਮਹਿੰਗੀਆਂ ਕਾਰਾਂ ਗੱਡੀਆਂ ਖਰੀਦਣ ਦਾ ਸੌਕ, ਕਿਸੇ ਨੂੰ ਵਧੀਆ ਕੱਪੜੇ ਖਰੀਦਣ ਦਾ ਸੌਕ, ਕਿਸੇ ਨੂੰ ਘਰ ਦੀਆਂ ਵਸਤਾਂ ਖਰੀਦ ਕੇ, ਕਿਸੇ ਨੂੰ ਫਿਲਮਾਂ ਦੇਖਣ ਦਾ ਸੌਕ, ਕਿਸੇ ਨੂੰ ਗਾਣੇ ਸੁਣਨ ਦਾ ਸੌਕ, ਕਿਸੇ ਨੂੰ ਕਿਤਾਬਾਂ ਪੜ੍ਹਨ ਦਾ ਸੌਕ, ਕਿਸੇ ਨੂੰ ਚਹੁੰ ਬੰਦਿਆਂ ਵਿੱਚ ਬੈਠ ਕੇ ਗੱਪਾਂ ਮਾਰਨ ਦਾ ਸੌਕ, ਕਿਸੇ ਨੂੰ ਘੁੰਮਣ ਫਿਰਨ ਦਾ ਸੌਕ ਆਦਿ ਹੋਰ ਅਨੇਕਾਂ ਹੀ ਸੌਕ ਮਨੁੱਖ ਲਈ ਮਨਪ੍ਰਚਾਵੇ ਦੇ ਤਰੀਕੇ ਹੀ ਤਾਂ ਹਨ ।ਜਿਸ ਕੋਲ ਜਿੰਨੀ ਸਹੂਲਤ ਹੁੰਦੀ ਹੈ, ਓਨਾਂ ਕੁ ਹਰ ਕੋਈ ਮਨਪ੍ਰਚਾਵਾ ਕਰ ਲੈਂਦਾ ਹੈ। ਜਿੰਨ੍ਹਾਂ ਕੋਲ ਸਾਰਾ ਦਿਨ ਮਿਹਨਤ ਮੁਸੱਕਤ ਤੋਂ ਵਿਹਲ ਨਹੀਂ ਮਿਲਦੀ ਅਤੇ ਉੱਪਰੋਂ ਪਾਈ ਪਾਈ ਦੀ ਕੀਮਤ ਬੇਸੁਮਾਰ ਹੋਵੇ ,ਕੀ ਉਹਨਾਂ ਨੂੰ ਮਨਪ੍ਰਚਾਵੇ ਤੋਂ ਵਾਂਝਿਆਂ ਰਹਿਣਾ ਪੈਂਦਾ ਹੈ ? ਨਹੀਂ, ਬਿਲਕੁਲ ਨਹੀਂ ।ਅੱਜ ਆਪਾਂ ਗੱਲ ਕਰਦੇ ਹਾਂ ਸਭ ਤੋਂ ਸਸਤੇ ਮਨਪ੍ਰਚਾਵੇ ਦੇ ਸਾਧਨ ਦੀ ,ਜਿਸ ਲਈ ਨਾ ਤਾਂ ਵਿਅਕਤੀ ਨੂੰ ਪੈਸੇ ਖਰਚਣ ਦੀ ਲੋੜ ਹੈ ਅਤੇ ਨਾ ਹੀ ਕਿਤੇ ਜਾਣ ਦੀ ਲੋੜ ਹੈ,ਉਸ ਤੋਂ ਵੀ ਵੱਧ ਉਸ ਨੂੰ ਕਿਸੇ ਦੇ ਸਾਥ ਦੀ ਵੀ ਜਰੂਰਤ ਨਹੀਂ ਪੈਂਦੀ। ਕਹਿੰਦੇ ਹਨ ਕਿ ਬਚਪਨ ਬਹੁਤ ਭੋਲਾ ਹੁੰਦਾ ਹੈ ਤੇ ਇਸ ਭੋਲੇ ਜਿਹੇ ਬਚਪਨ ਵਿੱਚ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਕਈ ਇਹੋ ਜਿਹੀਆਂ ਘਟਨਾਵਾਂ ਸਹਿਜ ਸੁਭਾਅ ਹੀ ਵਾਪਰੀਆਂ ਹੋਈਆਂ ਹੁੰਦੀਆਂ ਹਨ ਕਿ ਇਕੱਲੇ ਬੈਠੇ ਦੇ ਚਿਹਰੇ ਤੇ ਮੁਸਕਰਾਹਟ ਆ ਜਾਂਦੀ ਹੈ। ਆਪਣੇ ਬਚਪਨ ਦੇ ਨਾਲ ਨਾਲ ਆਪਣੇ ਬੱਚਿਆਂ ਦੇ ਬਚਪਨ ਦੀਆਂ, ਆਪਣੇ ਆਂਢ ਗੁਆਂਢ ਦੇ ਬੱਚਿਆਂ ਦੇ ਬਚਪਨ ਦੀਆਂ ਅਨੇਕਾਂ ਯਾਦਾਂ ਇਹੋ ਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਯਾਦ ਕਰਦਿਆਂ ਹੀ ਚਿਹਰੇ ਤੇ ਮਿੱਠੀ ਜਿਹੀ ਮੁਸਕਰਾਹਟ ਆ ਜਾਂਦੀ ਹੈ। ਚਿਹਰੇ ਤੇ ਮੁਸਕਰਾਹਟ ਵੀ ਮਨ ਦੇ ਖੁਸ ਹੋਣ ਨਾਲ ਹੀ ਆਉਂਦੀ ਹੈ। ਜਿਵੇਂ ਇੱਕ ਵਾਰੀ ਦੀ ਗੱਲ ਹੈ ਕਿ ਬਚਪਨ ਵਿੱਚ ਸਾਡੇ ਗੁਆਂਢੀਆਂ ਦੀ ਕੁੜੀ ਨੂੰ ਪੇਪਰ ਵਿੱਚ ਸੁਆਲ ਆਇਆ ਕਿ ਸਾਡੇ ਗੁਆਂਢੀ ਦੇਸ ਕਿਹੜੇ ਕਿਹੜੇ ਹਨ ਤਾਂ ਉਸ ਨੇ ਆਪਣੀ ਸਮਝ ਦੇ ਹਿਸਾਬ ਨਾਲ ਉੱਤਰ ਲਿਖ ਦਿੱਤਾ। ਜਦ ਸਕੂਲ ਭੈਣ ਜੀ ਨੇ ਪੇਪਰ ਵੰਡੇ ਤਾਂ ਉਹਦੀ ਮੰਮੀ ਨੂੰ ਵੀ ਬੁਲਾ ਕੇ ਦੱਸਿਆ ਤੇ ਮੰਮੀ ਨੇ ਸਾਡੀ ਮੰਮੀ ਕੋਲ ਗੱਲ ਕੀਤੀ," ਚਾਚੀ ਜੀ,ਦੇਖ ਲਓ,ਸਾਡੀ ਕੁੜੀ ਨੇ ਉੱਤਰ ਲਿਖਿਆ ਹੈ ਕਿ ਸਾਡੇ ਗੁਆਂਢੀ ਦੇਸ ਰਾਣੀ, ਬਿੱਟੂ, ਬੱਬੂ ,ਚਾਚੀ ਜੀ ਅਤੇ ਚਾਚਾ ਜੀ ਹਨ।" ਇਸੇ ਤਰ੍ਹਾਂ ਸਾਡੀ ਜਮਾਤ ਵਿੱਚ ਮੈਡਮ ਨੇ ਬੱਚਿਆਂ ਤੋਂ ਪੁੱਛਿਆ ਕਿ ਦੁੱਧ ਦੇਣ ਵਾਲੇ ਜਾਨਵਰ ਕਿਹੜੇ ਕਿਹੜੇ ਹਨ ਤਾਂ ਇੱਕ ਬੱਚੇ ਨੇ ਸਭ ਤੋਂ ਪਹਿਲਾਂ ਜਵਾਬ ਦੇਣ ਦੇ ਚੱਕਰ ਵਿੱਚ ਖਿੱਚ ਕੇ ਉੱਚੀ ਸਾਰੀ ਬਾਂਹ ਖੜ੍ਹੀ ਕੀਤੀ ਤੇ ਕਿਹਾ,"ਭੈਣਜੀ , ਮੈਂ... ਮੈਂ... ਦੇਵਾਂ ਜਵਾਬ ?" ਭੈਣ ਜੀ ਨੇ ਉਸ ਨੂੰ ਖੜ੍ਹਾ ਹੋ ਕੇ ਜਵਾਬ ਦੇਣ ਲਈ ਆਖਿਆ ਤਾਂ ਉਸ ਨੇ ਜਵਾਬ ਦਿੱਤਾ," ਸਾਡੇ ਦੁੱਧ ਦੇਣ ਵਾਲੇ ਜਾਨਵਰ ਚਿੜੀ , ਕਾਂ ਤੇ ਤੋਤਾ ਹਨ..." ਸਾਨੂੰ ਵੀ ਉਦੋਂ ਹੀ ਸਮਝ ਆਈ ਕਿ ਉਹ ਗਲਤ ਬੋਲ ਰਿਹਾ ਜਦੋਂ ਭੈਣ ਜੀ ਤੋਂ ਉਸ ਦੇ ਠਾਹ ਠਾਹ ਦੋ ਤਿੰਨ ਚਪੇੜਾਂ ਮੂੰਹ ਤੇ ਪਈਆਂ ।ਇਹੀ ਗੱਲ ਹੁਣ ਪਿੱਛੇ ਜਿਹੇ ਆਪਣੀ ਭੈਣ ਨਾਲ ਗੱਲਾਂ ਕਰਕੇ ਹੱਸ ਰਹੇ ਸੀ ਤਾਂ ਦੱਸੀ ਤੇ ਮੇਰੀ ਭੈਣ ਬੋਲੀ,"ਹਾਂ, ਇਸ ਸਵਾਲ ਦਾ ਜਵਾਬ ਤਾਂ ਜਵਾਕ ਗਲਤ ਈ ਦੇ ਦਿੰਦੇ ਹੁੰਦੇ ਆ,ਮੇਰਾ ਮੁੰਡਾ ਪਹਿਲੀ ਚ ਪੜ੍ਹਦਾ ਲਿਖ ਆਇਆ ਸੀ , ਦੁੱਧ ਦੇਣ ਵਾਲਾ ਜਾਨਵਰ ਮਾਂ ਹੁੰਦੀ ਹੈ।" ਇਹ ਸੁਣ ਕੇ ਹੋਰ ਵੀ ਹਾਸਾ ਛਿੜ ਗਿਆ। ਉਦੋਂ ਤਾਂ ਇਹ ਗੱਲਾਂ ਚਾਹੇ ਸਾਡੇ ਜਾਂ ਸਾਡੇ ਬੱਚਿਆਂ ਦੇ ਬਚਪਨ ਦੇ ਮੇਚ ਦੀਆਂ ਹੀ ਸਨ ਪਰ ਸਮਾਂ ਬੀਤਣ ਤੇ ਉਹ ਇੱਕ ਅਚਨਚੇਤ ਮਨ ਅੰਦਰ ਖੇੜਾ ਪੈਦਾ ਕਰਨ ਵਾਲੀਆਂ ਗੱਲਾਂ ਬਣ ਗਈਆਂ ਹਨ। ਇਸ ਤਰ੍ਹਾਂ ਇਹ ਆਲੀਆਂ ਭੋਲੀਆਂ ਗੱਲਾਂ ਨੂੰ ਅੱਜ ਦੇ ਤਣਾਓ ਭਰਪੂਰ ਅਤੇ ਖਿੱਚੋਤਾਣ ਵਾਲੇ ਮਾਹੌਲ ਤੋਂ ਦੁਖੀ ਹੋਏ ਮਨਾਂ ਅੰਦਰ ਖੁਸੀ ਪੈਦਾ ਕਰਨ ਲਈ ਇੱਕ ਮਨਪ੍ਰਚਾਵੇ ਦੇ ਸਾਧਨ ਦੇ ਤੌਰ ਤੇ ਵਰਤਣ ਵਿੱਚ ਸੰਕੋਚ ਨਹੀਂ ਕਰਨੀ ਚਾਹੀਦੀ ।ਇਸ ਦੀ ਖਾਤਰ ਨਾ ਵਿਅਕਤੀ ਨੂੰ ਕਿਤੇ ਜਾਣ ਦੀ ਲੋੜ ਹੈ,ਨਾ ਕੋਈ ਪੈਸਾ ਖਰਚਣ ਦੀ ਲੋੜ ਹੈ। ਆਮ ਕਰਕੇ ਕਈ ਵਿਅਕਤੀ ਮੌਜੂਦਾ ਦੌਰ ਵਿੱਚ ਵੀ ਤੰਗੀ ਦੇ ਦੌਰ ਵਿੱਚੋਂ ਗੁਜਰ ਰਹੇ ਹੁੰਦੇ ਹਨ ਅਤੇ ਬਚਪਨ ਬਾਰੇ ਵੀ ਨਕਾਰਾਤਮਕ ਗੱਲਾਂ ਯਾਦ ਕਰ ਕਰ ਕੇ ਹੋਰ ਨਿਰਾਸ ਹੋਈ ਜਾਣਗੇ। ਚਾਹੇ ਸਮੇਂ ਦੇ ਨਾਲ ਨਾਲ ਤੁਰਨਾ ਕਾਮਯਾਬੀ ਦੀ ਨਿਸਾਨੀ ਹੁੰਦੀ ਹੈ ਪਰ ਕੁਝ ਗੱਲਾਂ ਵਿੱਚ ਬੀਤੇ ਸਮਿਆਂ ਦੀਆਂ ਯਾਦਾਂ ਜ਼ਿੰਦਗੀ ਨੂੰ ਸੰਵਾਰਨ ਲਈ ਅਤੇ ਰੰਗੀਨ ਬਣਾਉਣ ਵਿੱਚ ਬਹੁਤ ਸਹਾਈ ਸਿੱਧ ਹੁੰਦੀਆਂ ਹਨ ।ਜਦੋਂ ਮਨੁੱਖ ਕਈ ਵਾਰੀ ਜ਼ਿੰਦਗੀ ਦੇ ਕੁਝ ਔਖੇ ਪਲਾਂ ਤੋਂ ਥੱਕ ਕੇ ਇਕੱਲਾ ਨਿਰਾਸ ਬੈਠਾ ਹੋਵੇ ਤਾਂ ਉਸ ਨੂੰ ਖਿਆਲਾਂ ਦੀ ਉਡਾਰੀ ਮਾਰ ਕੇ ਆਪਣੇ ਬਚਪਨ ਦੇ ਆਸ਼ਿਆਨੇ ਦਾ ਇੱਕ ਚੱਕਰ ਜਰੂਰ ਲਾਉਣਾ ਚਾਹੀਦਾ ਹੈ,ਉਸ ਵਿੱਚੋਂ ਯਾਦਾਂ ਦੇ ਖਜਾਨਿਆਂ ਨਾਲ ਝੋਲੀ ਭਰ ਕੇ ਮਨ ਜਰੂਰ ਪਰਚਾਉਣਾ ਚਾਹੀਦਾ ਹੈ। ਆਪਣੇ ਪਰਿਵਾਰ ਵਿੱਚ ਆਪਣੇ ਬੱਚਿਆਂ ਵਿੱਚ ਬੈਠ ਕੇ ਆਪਣੇ ਬਚਪਨ ਦੀਆਂ ਰੰਗੀਨ ਯਾਦਾਂ ਸਾਂਝੀਆਂ ਕਰ ਕੇ ਜਿੱਥੇ ਆਪਣਾ ਤੇ ਆਪਣੇ ਬੱਚਿਆਂ ਦਾ ਮਨ ਪ੍ਰਚਾਵਾ ਹੋਵੇਗਾ ਉੱਥੇ ਹੀ ਬੱਚਿਆਂ ਨੂੰ ਬੀਤੇ ਸਮਿਆਂ ਦੀ ਸਿੱਧੀ ਸਾਦੀ ਜੀਵਨਸੈਲੀ ਦਾ ਗਿਆਨ ਵੀ ਹੋਵੇਗਾ। ਜਦ ਕਿਤੇ ਸਾਰੇ ਭੈਣ ਭਰਾ ਇਕੱਠੇ ਹੋਏ ਹੋਣ ਤਾਂ ਉਹਨਾਂ ਨੂੰ ਵੀ ਬਚਪਨ ਦੀਆਂ ਯਾਦਾਂ ਦੀ ਸਾਂਝ ਪਾਉਣੀ ਚਾਹੀਦੀ ਹੈ,ਇਸ ਨਾਲ ਆਪਸੀ ਪਿਆਰ ਬਰਕਰਾਰ ਰਹਿੰਦਾ ਹੈ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾਸ੍ਰੋਤ ਦਾ ਕੰਮ ਕਰਦਾ ਹੈ। ਸੋ ਪਾਠਕੋ,ਇਹ ਆਲੀਆਂ ਭੋਲੀਆਂ ਜਿਹੀਆਂ ਗੱਲਾਂ ਨੂੰ ਆਪਣੇ ਮਨੋਰੰਜਨ ਦਾ ਸਾਧਨ ਬਣਾ ਕੇ ਜੀਵਨ ਜਿਊਣ ਦੀ ਕਲਾ ਹਰ ਕਿਸੇ ਨੂੰ ਆਉਣੀ ਚਾਹੀਦੀ ਹੈ ਤਾਂ ਜੋ ਇਸ ਪਿਆਰੇ ਜਿਹੇ ਮਨਪ੍ਰਚਾਵੇ ਦੇ ਸਾਧਨ ਨਾਲ ਜ਼ਿੰਦਗੀ ਹੋਰ ਰੰਗੀਨ ਬਣ ਸਕੇ।

**ਬਰਜਿੰਦਰ ਕੌਰ ਬਿਸਰਾਓ...**

## ਸਾਹਿਤ-ਕਲਾ ਮੰਚ ਰੀਜਾਈਨਾ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਹਾੜਾ ਮਨਾਇਆ ਗਿਆ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦੋ ਸਾਲਾਂ ਤੋਂ ਕਾਰਜਸ਼ੀਲ ' ਸਾਹਿਤ - ਕਲਾ ਮੰਚ , ਰੀਜਾਈਨਾ ( ਕੈਨੇਡਾ) ' ਵੱਲੋਂ ਬਹੁਪੱਖੀ ਲੇਖਕ ਬਿਕਰਮਜੀਤ ਨੂਰ ਅਤੇ ਡਾਕਟਰ ਕਸ਼ਮੀਰ ਸਿੰਘ ਦੀ ਅਗਵਾਈ ਹੇਠ 21 ਫ਼ਰਵਰੀ , 2026 ਨੂੰ ਗੁਰਦੁਆਰਾ ਸਿੱਖ ਸੋਸਾਇਟੀ , ਰੀਜਾਈਨਾ ਵਿਖੇ ਕੌਮਾਂਤਰੀ ਮਾਂ - ਬੋਲੀ ਦਿਹਾੜਾ ਮਨਾਇਆ ਗਿਆ। ਇਸ ਸੰਖੇਪ ਜਿਹੇ , ਪਰ ਪ੍ਰਭਾਵਸ਼ਾਲੀ ਆਯੋਜਨ ਵਿੱਚ ਬਿਕਰਮਜੀਤ ਨੂਰ ਨੇ ਜਿੱਥੇ ਮੰਚ ਦੀਆਂ ਪਿਛਲੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ, ਉੱਥੇ ਮਾਤ - ਭਾਸ਼ਾ ਪੰਜਾਬੀ 'ਤੇ ਵਿਸਥਾਰ ਨਾਲ ਚਰਚਾ ਕੀਤੀ। ਡਾਕਟਰ ਕਸ਼ਮੀਰ ਸਿੰਘ ਨੇ ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜੇ ਦੇ ਇਤਿਹਾਸ ' ਤੇ ਤੱਥਾਂ ਦੇ ਆਧਾਰ 'ਤੇ ਚਾਨਣਾ ਪਾਇਆ। ਜਸਬੀਰ ਸਿੰਘ ' ਰੈਤ ' , ਲੇਖਿਕਾ ਬਲਰਾਜ ਧਾਰੀਵਾਲ , ਹਰਦੇਵ ਔਲਖ ਨੇ ਵੀ ਵਿਚਾਰ ਸਾਂਝੇ ਕੀਤੇ ।ਇਸ ਮੌਕੇ ਹਰਜਿੰਦਰ ਕੌਰ , ਅਮਰੀਕ ਸਿੰਘ , ਗੁਰਪ੍ਰੀਤ ਸਿੰਘ ਮਾਨ , ਸੁਖਦੇਵ ਸਿੰਘ ਬਰਾੜ ,ਸਿੰਗਾਰਾ ਸਿੰਘ ਸਿੱਧੂ , ਬਲਦੇਵ ਸਿੰਘ , ਅਮਨਪ੍ਰੀਤ ਸਿੰਘ , ਕੁਲਦੀਪ ਸਿੰਘ ਮੋਹੀ , ਜੇ ਐਸ਼ ਮਾਨ , ਦਲਵਾਰਾ ਸਿੰਘ ਭੱਟੀ ਅਤੇ ਉਜਾਗਰ ਸਿੰਘ ( ਦਿੱਲੀ ) ਵੀ ਹਾਜ਼ਰ ਸਨ। ਅੰਤ 'ਤੇ ਡਾਕਟਰ ਕਸ਼ਮੀਰ ਸਿੰਘ ਮੰਚ ਦੀਆਂ ਭਵਿੱਖ ਦੀਆਂ ਸਰਗਰਮੀਆਂ ਬਾਰੇ ਵੀ ਜਾਣਕਾਰੀ ਦਿੱਤੀ। ਨੂਰ ਨੇ ਸਭਨਾਂ ਦਾ ਧੰਨਵਾਦ ਕੀਤਾ ।ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।















## "ਕਮਾਲ ਦੇ ਬੰਦੇ"

ਹਰਜਿੰਦਰ ਸਿੰਘ ਬਸਿਆਲਾ

### ਇਹੋ ਜਿਹੇ ਹੋਣ ਹਰ ਥਾਂ

## ਸਾਵਜੀ ਢੋਲਕੀਆ: ਇੱਕ 'ਮਜ਼ਦੂਰ' ਤੋਂ 'ਮਸੀਹਾ' ਬਣਨ ਦੀ ਦਾਸਤਾਨ

# ਜਿੱਥੇ ਅਮੀਰ ਸੋਚ ਨੇ ਬਣਾਇਆ, ਹੀਰਿਆਂ ਦਾ ਬੇਤਾਜ ਬਾਦਸ਼ਾਹ




ਕੁਝ ਲੋਕ ਇਤਿਹਾਸ ਪੜ੍ਹਦੇ ਹਨ ਅਤੇ ਕੁਝ ਇਤਿਹਾਸ ਰਚਦੇ ਹਨ। ਸੂਰਤ ਦੇ ਮਸ਼ਹੂਰ ਹੀਰਾ ਕਾਰੋਬਾਰੀ ਸਾਵਜੀ ਢੋਲਕੀਆ ਉਨ੍ਹਾਂ ਵਿਰਲੇ ਇਨਸਾਨਾਂ ਵਿੱਚੋਂ ਹਨ, ਜਿਨ੍ਹਾਂ ਨੇ ਨਾ ਸਿਰਫ਼ ਵਪਾਰ ਦੀ ਦੁਨੀਆ ਵਿੱਚ ਆਪਣਾ ਲੋਹਾ ਮਨਵਾਇਆ, ਸਗੋਂ 'ਇਨਸਾਨੀਅਤ' ਦੀ ਇੱਕ ਅਜਿਹੀ ਮਿਸਾਲ ਪੇਸ਼ ਕੀਤੀ ਜਿਸ ਦੀ ਮਿਸਾਲ ਅੱਜ ਪੂਰੀ ਦੁਨੀਆ ਵਿੱਚ ਦਿੱਤੀ ਜਾਂਦੀ ਹੈ। ਸੂਰਤ ਦੀਆਂ ਗਲੀਆਂ ਵਿੱਚ ਮਹਿਜ਼ ਇੱਕ ਮਜ਼ਦੂਰ ਵਜੋਂ ਸਫ਼ਰ ਸ਼ੁਰੂ ਕਰਨ ਵਾਲੇ ਸਾਵਜੀ ਭਾਈ ਨੇ ਅੱਜ 'ਹਰਿਕ੍ਰਿਸ਼ਨ ਐਕਸਪੋਰਟਸ' ਨੂੰ ਅਰਬਾਂ ਰੁਪਏ ਦੇ ਸਾਮਰਾਜ ਵਿੱਚ ਬਦਲ ਦਿੱਤਾ ਹੈ।

ਉਦਾਰਤਾ ਦੀ ਸਿਖ਼ਰ: ਕਰਮਚਾਰੀਆਂ ਨੂੰ ਮੰਨਦਾ ਹੈ ਕੰਪਨੀ ਦੇ ਅਸਲ ਮਾਲਕ:

ਸਾਵਜੀ ਢੋਲਕੀਆ ਦਾ ਮੰਨਣਾ ਹੈ ਕਿ ਕੰਪਨੀ ਦੀਆਂ ਮਸ਼ੀਨਾਂ ਨਹੀਂ, ਸਗੋਂ ਉਸ ਦੇ 'ਮਾਹਰ ਹੱਥ' (ਕਰਮਚਾਰੀ) ਉਸ ਦੀ ਅਸਲ ਦੌਲਤ ਹਨ। ਜਿੱਥੇ ਦੁਨੀਆ ਭਰ ਦੀਆਂ ਕੰਪਨੀਆਂ ਸਿਰਫ਼ ਮੁਨਾਫ਼ੇ ਬਾਰੇ ਸੋਚਦੀਆਂ ਹਨ, ਸਾਵਜੀ ਭਾਈ ਨੇ ਆਪਣੇ ਕਾਮਿਆਂ ਦੀ ਖ਼ੁਸ਼ੀ ਨੂੰ ਆਪਣਾ ਮਕਸਦ ਬਣਾਇਆ:

ਕਾਰਾਂ ਅਤੇ ਘਰਾਂ ਦਾ ਤੋਹਫ਼ਾ: ਸਾਲ 1995 ਵਿੱਚ ਤਿੰਨ ਮਾਰੂਤੀ 800 ਕਾਰਾਂ ਦੇ ਕੇ ਸ਼ੁਰੂ ਕੀਤਾ ਗਿਆ ਇਹ ਸਿਲਸਿਲਾ 2014-15 ਤੱਕ ਇੰਨਾ ਵੱਡਾ ਹੋ ਗਿਆ ਕਿ ਉਨ੍ਹਾਂ ਨੇ ਇੱਕੋ ਸਮੇਂ 491 ਕਰਮਚਾਰੀਆਂ ਨੂੰ ਕਾਰਾਂ ਅਤੇ ਸੈਂਕੜੇ ਹੋਰਾਂ ਨੂੰ ਫਲੈਟ ਤੇ ਮਹਿੰਗੇ ਗਹਿਣੇ ਵਜੋਂ ਵੰਡੇ।

ਵਫ਼ਾਦਾਰੀ ਦਾ ਮੁੱਲ: ਉਨ੍ਹਾਂ ਦੀ ਸੋਚ ਸੀ ਕਿ ਜੇਕਰ ਕੋਈ ਕਰਮਚਾਰੀ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਕੰਪਨੀ ਨੂੰ ਦੇ ਰਿਹਾ ਹੈ, ਤਾਂ ਕੰਪਨੀ ਦਾ ਫਰਜ਼ ਹੈ ਕਿ ਉਸ ਦੇ ਸਿਰ 'ਤੇ ਆਪਣੀ ਛੱਤ ਹੋਵੇ ਅਤੇ ਘਰ ਦੇ ਬਾਹਰ ਆਪਣੀ ਸਵਾਰੀ।

ਪਰਿਵਾਰਕ ਰਿਸ਼ਤਾ: ਉਹ ਸਿਰਫ਼ ਮੁਲਾਜ਼ਮਾਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਦੇ ਪੂਰੇ ਪਰਿਵਾਰ ਨੂੰ ਆਪਣਾ ਮੰਨਦੇ ਹਨ। ਉਨ੍ਹਾਂ ਦੇ ਮੁਲਾਜ਼ਮਾਂ ਦੇ ਮਾਤਾ-ਪਿਤਾ ਨੂੰ ਕੰਪਨੀ ਦੇ ਖਰਚੇ 'ਤੇ ਤੀਰਥ ਯਾਤਰਾਵਾਂ ਅਤੇ ਛੁੱਟੀਆਂ 'ਤੇ ਭੇਜਿਆ ਜਾਂਦਾ ਹੈ ਤਾਂ ਜੋ ਉਹ ਅਸੀਸਾਂ ਦੇ ਸਕਣ।

64 ਮੈਂਬਰਾਂ ਦਾ ਅਟੁੱਟ ਪਰਿਵਾਰ: ਪਿਆਰ ਦੀ ਅਨੋਖੀ ਮਿਸਾਲ

ਅੱਜ ਦੇ ਆਧੁਨਿਕ ਯੁੱਗ ਵਿੱਚ, ਜਿੱਥੇ ਛੋਟੇ ਪਰਿਵਾਰਾਂ ਦਾ ਰੁਝਾਨ ਹੈ, ਉੱਥੇ ਢੋਲਕੀਆ ਪਰਿਵਾਰ ਦੇ 64 ਮੈਂਬਰ ਇੱਕੋ ਰਸੋਈ ਦਾ ਖਾਣਾ ਖਾਂਦੇ ਹਨ। ਇਹ ਏਕਤਾ ਕੁਝ ਖ਼ਾਸ ਨਿਯਮਾਂ 'ਤੇ ਟਿਕੀ ਹੋਈ ਹੈ:

ਕੋਈ ਬਜਟ ਨਹੀਂ (No Budget System): ਇਸ ਪਰਿਵਾਰ ਵਿੱਚ ਚਾਰੇ ਭਰਾਵਾਂ ਅਤੇ ਬੱਚਿਆਂ ਲਈ ਖਰਚੇ ਦੀ ਕੋਈ ਸੀਮਾ ਨਹੀਂ ਹੈ। ਜਿਸ ਨੂੰ ਜਿੰਨੀ ਲੋੜ ਹੈ, ਉਹ ਉਤਨਾ ਪੈਸਾ ਖਰਚ ਸਕਦਾ ਹੈ। ਕੋਈ ਕਿਸੇ ਕੋਲੋਂ ਹਿਸਾਬ ਨਹੀਂ ਮੰਗਦਾ ਕਿਉਂਕਿ ਉਨ੍ਹਾਂ ਦਾ ਆਪਸੀ ਭਰੋਸਾ ਕਿਸੇ ਵੀ ਕਾਨੂੰਨੀ ਦਸਤਾਵੇਜ਼ ਤੋਂ ਵੱਡਾ ਹੈ।

ਨੁਕਸਾਨ ਦੀ ਚਿੰਤਾ ਨਹੀਂ: ਸਾਵਜੀ ਭਾਈ ਕਹਿੰਦੇ ਹਨ, ਜੇਕਰ ਮੇਰਾ ਬੇਟਾ ਬਿਨਾਂ ਪੁੱਛੇ 100 ਕਰੋੜ ਦਾ ਨੁਕਸਾਨ ਵੀ ਕਰ ਦੇਵੇ, ਤਾਂ ਵੀ ਮੈਂ ਉਸ ਨੂੰ ਨਹੀਂ ਟੋਕਾਂਗਾ। ਪੈਸਾ ਵਾਪਸ ਆ ਸਕਦਾ ਹੈ, ਪਰ ਜੇਕਰ ਮੈਂ ਉਸ ਨੂੰ ਝਿੜਕਿਆ ਤਾਂ ਸਾਡਾ ਰਿਸ਼ਤਾ ਹਮੇਸ਼ਾ ਲਈ ਟੁੱਟ ਜਾਵੇਗਾ।

ਰਸੋਈ ਦਾ ਲੋਕਤੰਤਰੀ ਪ੍ਰਬੰਧ: 64 ਲੋਕਾਂ ਦਾ ਖਾਣਾ ਬਣਾਉਣਾ ਕੋਈ ਛੋਟੀ ਗੱਲ ਨਹੀਂ। ਇਸ ਲਈ ਉਨ੍ਹਾਂ ਨੇ 'ਹਫ਼ਤਾਵਾਰੀ ਰੋਟੇਸ਼ਨ' ਸਿਸਟਮ ਬਣਾਇਆ ਹੈ। ਚਾਰਾਂ ਭਰਾਵਾਂ ਦੀਆਂ ਪਤਨੀਆਂ ਇੱਕ-ਇੱਕ ਹਫ਼ਤਾ ਰਸੋਈ ਸੰਭਾਲਦੀਆਂ ਹਨ। ਜਿਸ ਦੀ ਵਾਰੀ ਹੁੰਦੀ ਹੈ, ਉਹੀ ਮੇਨੂ ਤੈਅ ਕਰਦੀ ਹੈ ਅਤੇ ਬਾਕੀ ਸਾਰੇ ਉਸ ਦਾ ਪਾਲਣ ਕਰਦੇ ਹਨ।

ਸਮਾਜਿਕ ਸਰੋਕਾਰ ਅਤੇ 'ਪਦਮ ਸ਼੍ਰੀ' ਸਨਮਾਨ

ਸਾਵਜੀ ਢੋਲਕੀਆ ਸਿਰਫ਼ ਹੀਰਿਆਂ ਦੇ ਵਪਾਰੀ ਹੀ ਨਹੀਂ, ਸਗੋਂ 'ਪਾਣੀ ਦੇ ਜਾਦੂਗਰ' ਵੀ ਕਹੇ ਜਾਂਦੇ ਹਨ। ਗੁਜਰਾਤ ਦੇ ਸੋਕੇ ਪ੍ਰਭਾਵਿਤ ਇਲਾਕਿਆਂ ਵਿੱਚ ਉਨ੍ਹਾਂ ਨੇ ਸੈਂਕੜੇ ਚੈੱਕ ਡੈਮ ਅਤੇ ਤਾਲਾਬ ਬਣਵਾਏ ਹਨ। ਉਨ੍ਹਾਂ ਦੀ ਇਸ ਨਿਰਸਵਾਰਥ ਸੇਵਾ ਅਤੇ ਵਾਤਾਵਰਣ ਦੀ ਸੰਭਾਲ ਲਈ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਦੇ ਵੱਕਾਰੀ ਸਨਮਾਨ 'ਪਦਮ ਸ਼੍ਰੀ' ਨਾਲ ਨਿਵਾਜਿਆ ਹੈ।

ਨਵੀਂ ਪੀੜ੍ਹੀ ਨੂੰ ਸਖ਼ਤ ਸਬਕ

ਦਿਲਚਸਪ ਗੱਲ ਇਹ ਹੈ ਕਿ ਇੰਨੇ ਅਮੀਰ ਹੋਣ ਦੇ ਬਾਵਜੂਦ ਉਹ ਆਪਣੇ ਬੱਚਿਆਂ ਨੂੰ 'ਚਾਂਦੀ ਦਾ ਚਮਚਾ' ਮੂੰਹ ਵਿੱਚ ਦੇ ਕੇ ਨਹੀਂ ਪਾਲਦੇ। ਉਨ੍ਹਾਂ ਨੇ ਆਪਣੇ ਪੁੱਤਰ ਦ੍ਰਵਿਆ ਢੋਲਕੀਆ ਨੂੰ ਮਹਿਜ਼ ਕੁਝ ਹਜ਼ਾਰ ਰੁਪਏ ਦੇ ਕੇ ਕੋਚੀ ਭੇਜ ਦਿੱਤਾ ਸੀ ਤਾਂ ਜੋ ਉਹ ਇੱਕ ਆਮ ਮਜ਼ਦੂਰ ਵਾਂਗ ਰਹਿ ਕੇ ਜੀਵਨ ਦੀਆਂ ਸਖ਼ਤ ਸੱਚਾਈਆਂ ਅਤੇ ਪੈਸੇ ਦੀ ਅਹਿਮੀਅਤ ਨੂੰ ਸਮਝ ਸਕੇ।

ਸਿੱਟਾ (Positive Outlook)

ਸਾਵਜੀ ਢੋਲਕੀਆ ਦੀ ਜੀਵਨ ਗਾਥਾ ਸਾਨੂੰ ਸਿਖਾਉਂਦੀ ਹੈ ਕਿ ਸਫਲਤਾ ਦਾ ਮਤਲਬ ਸਿਰਫ਼ ਬੈਂਕ ਬੈਲੇਂਸ ਵਧਾਉਣਾ ਨਹੀਂ, ਸਗੋਂ ਆਪਣੇ ਨਾਲ ਜੁੜੇ ਹਰ ਇਨਸਾਨ ਦੇ ਜੀਵਨ ਦਾ ਪੱਧਰ ਉੱਚਾ ਚੁੱਕਣਾ ਹੈ। ਉਹ ਸਾਬਤ ਕਰਦੇ ਹਨ ਕਿ ÷ਦੇਣ ਨਾਲ ਕਦੇ ਕੁਝ ਘਟਦਾ ਨਹੀਂ, ਸਗੋਂ ਬਰਕਤਾਂ ਕਈ ਗੁਣਾ ਵੱਧ ਕੇ ਵਾਪਸ ਆਉਂਦੀਆਂ ਹਨ।÷ ਅੱਜ ਦੇ ਦੌਰ ਵਿੱਚ ਅਜਿਹੇ ਇਨਸਾਨਾਂ ਦੀ ਬਹੁਤ ਲੋੜ ਹੈ ਜੋ 'ਮੈਂ' ਦੀ ਬਜਾਏ 'ਅਸੀਂ' ਵਿੱਚ ਵਿਸ਼ਵਾਸ ਰੱਖਦੇ ਹੋਣ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings

ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


ਗੱਲ ਤਾਂ ਪਰਦੇ ਦੀ ਹੀ ਹੈ !
TWC
TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਕਾਲ: 403 953 1000
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
E Mail: Contact@twcoverings.com
Web: www.twcoverings.com
Timelesswindowcoverings